# ਗਾਹਕ ਨਿਯਮ ਅਤੇ ਸ਼ਰਤਾਂ

ਇੱਕ ਗਾਹਕ ਦੇ ਤੌਰ `ਤੇ ਤੁਸੀ "ਜਿਓ ਮਨੀ ਅਕਾਊਂਟ" ਖੋਲ੍ਹ ਸਕਦੇ ਹੋ ਅਤੇ "ਜੀਓ ਮਨੀ ਸਰਵਿਸਿਸ" ਨੂੰ ਹੇਠ ਲਿਖੇ ਨਿਯਮਾਂ ਅਤੇ ਸ਼ਰਤਾਂ ਨੂੰ ਜਾਂ ਤਾਂ (i) www.jiomoney.com ("ਵੈੱਬਸਾਈਟ") `ਤੇ ਮੌਜੂਦ ਐਪਲੀਕੇਸ਼ਨ ਫਾਰਮ ਦੇ ਅੰਤ `ਤੇ "ਮੈਂ ਸਹਿਮਤ ਹਾਂ" ਬਟਨ ਨੂੰ ਕਲਿੱਕ ਕਰਕੇ; ਜਾਂ (ii) ਉਪਭੋਗਤਾ ਐਪਲੀਕੇਸ਼ਨ ਫਾਰਮ ਨੂੰ ਹੱਥੀ ਭਰਨ ਦੁਆਰਾ ਸਵੀਕਾਰ ਅਤੇ ਸਬਸਕਰਾਈਬ ਕਰ ਕੇ ਜਾਂ (iii) RPSL ਦੀ ਮੋਬਾਈਲ ਐਪ ਵਿੱਚ ਨਿਯਮਾਂ ਅਤੇ ਸ਼ਰਤਾਂ ਦੇ ਅੰਤ `ਤੇ ਮੈਂ ਸਹਿਮਤ ਹਾਂ ਬਟਨ ਨੂੰ ਕਲਿੱਕ ਕਰਕੇ ਪ੍ਰਾਪਤ ਕਰ ਸਕਦੇ ਹੋ। ਤੁਹਾਡੇ ਦੁਆਰਾ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੀ ਸਵੀਰਕਾਰਤਾ ਬਿਨਾਂ ਸ਼ਰਤ ਅਤੇ ਕਿਸੀ ਸੀਮਾ ਅਤੇ ਯੋਗਤਾ ਦੇ ਬਗੈਰ ਹੋਵੇਗੀ।

ਤੁਸੀਂ ਇਹ ਵੀ ਘੋਸ਼ਣਾ ਕਰੋਗੇ ਕਿ, ਰਜਿਸਟ੍ਰੇਸ਼ਨ ਲਈ ਅਤੇ ਜੀਓ ਮਨੀ ਅਕਾਊਂਟ ਅਤੇ ਜੀਓ ਮਨੀ ਵੈਲੇਟ ਨੂੰ ਖੋਲ੍ਹਣ ਲਈ ਮੁਹੱਈਆ ਕੀਤੀ ਗਈ ਜਾਣਕਾਰੀ ਅਤੇ/ਜਾਂ ਸਵੈ-ਪ੍ਰਮਾਣਿਤ KYC ਦਸਤਾਵੇਜ, ਸਹੀ ਅਤੇ ਵੈਧ ਹਨ ਅਤੇ ਜਿਦਾਂ ਦਾ ਵੀ ਮਾਮਲਾ ਹੋਵੇ, ਇਹ RPSL ਕੋਲ ਰਹਿਣਗੇ.. ਤੁਸੀਂ ਇਸ ਗੱਲ ਦੀ ਪੁਸ਼ਟੀ ਕਰੋ ਅਤੇ ਸਹਿਮਤੀ ਦਿਉ ਕਿ ਇਥੇ ਮੁਹੱਈਆ ਕਰਵਾਏ ਗਏ ਦਸਤਾਵੇਜਾਂ ਨੂੰ ਸਾਰੇ ਸੰਬੰਧਿਤ ਅਤੇ ਲਾਗੂ ਰੈਗੂਲੇਟਰੀ ਅਤੇ KYC ਜਰੂਰਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ RPSL ਦੁਆਰਾ ਵਰਤਿਆ ਜਾ ਸਕਦਾ ਹੈ...

1. ਪਰਿਭਾਸ਼ਾਵਾਂ

ਓ. "ਲਾਗੂ ਕਾਨੂੰਨ "ਦਾ ਮਤਲਬ ਹੋਵੇਗਾ ਕੋਈ ਵੀ ਵਿਧਾਨ, ਕਾਨੂੰਨ, ਅਧਿਨਿਯਮ, ਹੁਕਮ, ਨਿਯਮ, ਅਦਾਲਤੀ ਫੈਸਲਾ, ਸੂਚਨਾ, ਆਮ ਕਾਨੂੰਨ ਦਾ ਨਿਯਮ, , ਆਦੇਸ਼, ਡਿਕ੍ਰੀ, ਉਪ-ਕਾਨੂੰਨ, ਸਰਕਾਰ ਦੀ ਪ੍ਰਵਾਨਗੀ, ਨਿਰਦੇਸ਼, ਦਿਸ਼ਾ-ਨਿਰਦੇਸ਼, ਲੋੜ ਜਾਂ ਹੋਰ ਸਰਕਾਰੀ ਪਾਬੰਦੀ, ਜਾਂ ਕਿਸੀ ਅਜਿਹੇ ਤਰ੍ਹਾਂ ਦੇ ਫੈਸਲੇ, ਜਾਂ ਨਿਰਧਾਰਣ, ਜਾਂ ਕੋਈ ਵੀ ਵਿਆਖਿਆ, ਨੀਤੀ ਜਾਂ ਪ੍ਰਸ਼ਾਸਨ ਜਾਂ ਇਨ੍ਹਾਂ ਪਹਿਲਾਂ ਲਿਖਿਆਂ ਵਿੱਚੋਂ ਕੋਈ ਵੀ ਕਾਨੂੰਨੀ ਰੂਪ ਵਿੱਚ ਲਾਗੂ ਹੈ ਜਾਂ ਸਵਾਲੀਆ ਮਾਮਲੇ `ਤੇ ਅਧਿਕਾਰ ਖੇਤਰ ਰੱਖਣ ਵਾਲੀ ਕੋਈ ਵੀ ਸਰਕਾਰੀ ਅਥਾਰਟੀ ਜਾਂ ਨਿਆਮਕ , ਭਾਵੇਂ ਇਹ ਸ਼ਰਤਾਂ ਅਤੇ ਨਿਯਮ ਜੋ ਅੱਜ ਦੀ ਮਿਤੀ ਤੱਕ ਪ੍ਰਭਾਵੀ ਹਨ ਜਾਂ ਉਸ ਤੋਂ ਬਾਅਦ ਅਤੇ ਜਿਸ ਵਿੱਚ RBI ਦੇ ਦਿਸ਼ਾ ਨਿਰਦੇਸ਼ ਅਤੇ KYC ਦੇ ਦਿਸ਼ਾਨਿਰਦੇਸ਼ ਸ਼ਾਮਿਲ ਹੋਣ...

ਅ. "ਬਿਨੈਕਾਰ" ਦਾ ਮਤਲਬ ਹੋਵੇਗਾ ਕਾਨੂੰਨੀ ਅਤੇ ਕੁਦਰਤੀ ਵਿਅਕਤੀ ਜਿਹੜਾ ਜੀਓ ਮਨੀ ਸਰਵਿਸਿਜ ਲਈ ਬੇਨਤੀ ਕਰਦਾ ਹੈ।

ੲ. "ਏਜੰਟ"/"ਡੀਲਰ" ਜੀਓ ਮਨੀ ਸਰਵਿਸਿਜ ਤੋਂ ਸੰਬੰਧਿਤ ਗਤੀਵਿੱਧੀਆਂ ਨਾਲ ਸਹਯੋਗ ਕਰਨ ਲਈ RPSL ਦੁਆਰਾ ਨਿਯੁਕਤ "ਏਜੰਟ(ਟਾਂ)"/"ਡੀਲਰ(ਰਾਂ)" ਦਾ ਹਵਾਲਾ ਦੇਵੇਗਾ ਅਤੇ ਇਸ ਵਿੱਚ ਅਜਿਹੇ ਏਜੰਟਾਂ/ਡੀਲਰ(ਰਾਂ) ਦੁਆਰਾ ਇਸੀ ਮਕਸਦ ਲਈ ਨਿਯੁਕਤ ਉਪ-ਏਜੰਟ(ਟਾਂ) ਸ਼ਾਮਿਲ ਹੋਣਗੇ।

ਸ. "ਗਾਹਕ" ਦਾ ਮਤਲਬ ਹੋਵੇਗਾ ਇੱਕ ਬਿਨੈਕਾਰ ਜਿਸਨੂੰ CAF ਨੂੰ ਜਮ੍ਹਾਂ ਕਰਵਾਉਣ `ਤੇ ਅਤੇ ਜਰੂਰੀ ਔਪਚਾਰੀਕਤਾਵਾਂ ਦੇ ਪੂਰਾ ਹੋਣ `ਤੇ RPSL ਦੁਆਰਾ RBI ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਜੀਓ ਮਨੀ ਸਰਵਿਸਿਜ ਦਾ ਲਾਭ ਪ੍ਰਾਪਤ ਕਰਨ ਅਤੇ ਜੀਓ ਮਨੀ ਖਾਤਾ ਖੋਲ੍ਹਣ ਲਈ ਯੋਗ ਪਾਇਆ ਜਾਵੇਗਾ।

ਹ. "ਉਪਭੋਗਤਾ ਐਪਲੀਕੇਸ਼ਨ ਫਾਰਮ"/ "CAF" ਦਾ ਮਤਲਬ ਹੋਵੇਗਾ RPSL ਦਾ ਫਾਰਮ ਜਿਹੜਾ ਜੀਓ ਮਨੀ ਸਰਵਿਸਿਸ ਦਾ ਲਾਭ ਲੈਣ ਲਈ ਦਸਤਖਤ ਕੀਤਾ ਜਾਣਾ ਹੈ ਅਤੇ ਬਿਨੈਕਾਰ ਦੁਆਰਾ ਸਹਿਯੋਗੀ ਦਸਤਾਵੇਜਾਂ ਸਮੇਤ ਜਾਂ ਤਾਂ ਆਨਲਾਈਨ ਜਾਂ ਮੋਬਾਇਲ ਐਪਲੀਕੇਸ਼ਨ ਰਾਹੀਂ ਜਾਂ ਦਸਤੀ, ਏਜੰਟ ਦੇ ਸਥਾਨ `ਤੇ ਅਤੇ/ਜਾਂ ਅਜਿਹੇ ਹੋਰ ਸਥਾਨਾਂ `ਤੇ ਜਮ੍ਹਾਂ ਕਰਵਾਉਣਾ ਹੈ।

ਕ. "ਪੂਰਾ KYC ਖਾਤਾ" ਦਾ ਮਤਲਬ ਹੋਵੇਗਾ ਨਿਰਧਾਰਿਤ ਨਿਆਮਕ ਸੀਮਾਵਾਂ ਅਨੁਸਾਰ ਚਲਾਇਆ ਜਾ ਰਿਹਾ ਜੀਓ ਮਨੀ ਖਾਤਾ ਜਿਸ ਦੇ ਲਈ ਬਿਨੈਕਾਰ ਨੇ ਪਛਾਣ ਦਾ ਵੈਧ ਸਬੂਤ, ਪਤੇ ਦਾ ਸਬੂਤ ਅਤੇ ਸੰਬੰਧਿਤ KYC ਵੇਰਵੇ KYC ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਦਿੱਤੇ ਹਨ।

ਖ. "ਜੀਓ ਮਨੀ ਵੈਲੇਟ" ਦਾ ਮਤਲਬ ਹੋਵੇਗਾ ਕਿ ਸਾਰਿਆਂ ਦਸਤਾਵੇਜਾਂ ਦਾ ਧਾਰਕ ਜਿਹੜੇ ਭਾਵੇਂ RPSL ਨੇ ਜਾਰੀ ਕੀਤੇ ਹਨ ਜਾਂ ਗਾਹਕ ਦੁਆਰਾ ਜੋੜੇ ਗਏ ਹੋਰ ਦਸਤਾਵੇਜ। ਜੀਓ ਮਨੀ ਵੈਲੇਟ `ਤੇ ਪਹੁੰਚ ਜਾਂ ਤਾਂ ਜੀਓ ਮਨੀ ਮੋਬਾਇਲ ਐਪਲੀਕੇਸ਼ਨ ਰਾਹੀਂ www.jiomoney.com `ਤੇ ਬਣਾਈ ਜਾ ਸਕਦੀ ਹੈ ਜਾਂ RPSL ਦੁਆਰਾ ਸਹੂਲਤ ਪ੍ਰਦਾਨ ਕੀਤੇ ਅਤੇ ਇਜਾਜ਼ਤ ਦਿੱਤੇ ਕਿਸੀ ਹੋਰ ਚੈਨਲ ਰਾਹੀਂ।

ਗ "ਜੀਓ ਮਨੀ ਅਕਾਊਂਟ" ਦਾ ਮਤਲਬ ਹੋਵੇਗਾ ਪੇਸ਼ਗੀ ਭੁਗਤਾਨ (ਪ੍ਰੀਪੇਡ) ਖਾਤਾ, ਭਾਵੇਂ ਘੱਟ KYC ਖਾਤਾ ਜਾਂ ਪੂਰਾ KYC ਖਾਤਾ, ਜਿਹੜਾ RBI ਦੇ ਦਿਸ਼ਾ-ਨਿਰਦੇਸ਼ਾਂ ਅਤੇ KYC ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਵਿੱਚ ਗਾਹਕ ਨੂੰ ਜੀਓ ਮਨੀ ਸਰਵਿਸਿਜ ਦਾ ਲਾਭ ਪ੍ਰਾਪਤ ਕਰਨ ਲਈ ਗਾਹਕ ਦੇ ਨਾਮ `ਤੇ ਖੋਲਿਆ ਜਾਂਦਾ ਹੈ।

ਘ. "ਜੀਓ ਮਨੀ ਸਰਵਿਸਿਜ" ਜਾਂ "ਸੇਵਾਵਾਂ" ਦਾ ਮਤਲਬ ਹੈ ਜੀਓ ਮਨੀ ਵੈਲੇਟ/ਜੀਓ ਮਨੀ ਅਕਾਊਂਟ ਦੇ ਆਪਰੇਸ਼ਨ ਨਾਲ RPSL ਦੁਆਰਾ ਪੇਸ਼ ਕੀਤੀਆਂ ਗਈਆਂ ਪੇਸ਼ਗੀ-ਭੁਗਤਾਨ ਅਤੇ/ਜਾਂ ਹੋਰ ਸੇਵਾਵਾਂ।

ਙ. "KYC ਦਿਸ਼ਾ-ਨਿਰਦੇਸ਼" / "KYC" ਦਾ ਮਤਲਬ ਹੋਵੇਗਾ ਆਪਣੇ ਗਾਹਕ ਨੂੰ ਜਾਣੋ ("KYC") ਦਿਸ਼ਾ-ਨਿਰਦੇਸ਼ ਜਿਹੜੇ ਕਿ ਨਿਆਮਕਾਂ ਦੁਆਰਾ ਨਿਰਧਾਰਿਤ ਕੀਤੇ ਗਏ ਹਨ।

ਚ. "ਘੱਟ KYC ਖਾਤਾ" ਦਾ ਮਤਲਬ ਹੋਵੇਗਾ ਨਿਰਧਾਰਿਤ ਨਿਆਮਕ ਸੀਮਾਵਾਂ ਅਨੁਸਾਰ ਚਲਾਇਆ ਜਾ ਰਿਹਾ ਜੀਓ ਮਨੀ ਖਾਤਾ ਜਿਸ ਦੇ ਲਈ ਬਿਨੈਕਾਰ ਨੇ ਸਿਰਫ ਆਪਣੀ ਬੁਨਿਆਦੀ ਜਾਣਕਾਰੀ RPSL ਦੀ ਨੀਤੀ ਅਨੁਸਾਰ ਜਮ੍ਹਾ ਕਰਵਾਈ ਹੈ।

ਛ. "ਨਾਬਾਲਗ(ਗਾਂ)" ਦਾ ਮਤਲਬ ਹੋਵੇਗਾ 10 (ਦਸ) ਅਤੇ 18 (ਅਠ੍ਹਾਰਾਂ) ਸਾਲਾਂ ਵਿਚਕਾਰ ਦਾ ਕੋਈ ਵੀ ਵਿਅਕਤੀ।

ਜ. "ਨਾਬਾਲਗ ਸਰਪ੍ਰਸਤ" ਦਾ ਮਤਲਬ ਹੋਵੇਗਾ ਨਾਬਾਲਗ ਦਾ ਕੁਦਰਤੀ ਜਾਂ ਕਾਨੂੰਨੀ ਰੂਪ ਵਿੱਚ ਨਿਯੁਕਤ ਸਰਪ੍ਰਸਤ।

ਝ. "ਵਪਾਰਕ ਸੰਸਥਾ" ਦਾ ਮਤਲਬ ਅਤੇ ਇਸ ਵਿੱਚ ਸ਼ਾਮਿਲ ਹੋਵੇਗਾ ਭੌਤਿਕ ਵਪਾਰੀ, ਦੂਰ (ਰਿਮੋਟ) ਦਾ ਵਪਾਰੀ, e-ਕਾਮਰਸ ਸਮੇਤ, ਅਤੇ ਕੋਈ ਹੋਰ ਆਊਟਲੈਟ ਜਿਸਨੂੰ RPSL ਵੇ ਜੀਓ ਮਨੀ ਵੈਲੇਟ/ਜੀਓ ਮਨੀ ਅਕਾਊਂਟ ਦਾ ਇਸਤੇਮਾਲ ਕਰਕੇ ਭੁਗਤਾਨ ਨੂੰ ਸਵੀਕਾਰ ਕਰਨ ਲਈ ਅਧਿਕ੍ਰਿਤ ਕੀਤਾ ਹੋਵੇਗਾ

ਞ. "RBI ਦਿਸ਼ਾਨਿਰਦੇਸ਼" ਦਾ ਮਤਲਬ ਹੈ ਪੇਸ਼ਗੀ-ਭੁਗਤਾਨ ਦਸਤਾਵੇਜਾਂ ਦੇ ਸੰਬੰਧ ਵਿੱਚ ਰਿਜ਼ਰਵ ਬੈਂਕ ਆਫ ਇੰਡੀਆ ("RBI") ਦੁਆਰਾ ਜਾਰੀ ਲਾਗੂ ਦਿਸ਼ਾਨਿਰਦੇਸ਼, ਅਧਿਨਿਯਮ, ਸੂਚਨਾਵਾਂ ਅਤੇ ਨਿਰਦੇਸ਼ KYC ਦੇ ਦਿਸ਼ਾਨਿਰਦੇਸ਼ਾਂ ਸਮੇਤ।

ਟ. "ਭੁਗਤਾਨ ਬੈਂਕ ਸੰਸਥਾ" ਦਾ ਮਤਲਬ ਹੋਵੇਗਾ ਕਿ RPSL ਦਾ ਕੋਈ ਵੀ ਸਯੁੰਕਤ ਜਾਂ ਗਰੁਪ ਸੰਸਥਾ ਜਿਸਨੂੰ ਰਿਜ਼ਰਵ ਬੈਂਕ ਆਫ ਇੰਡੀਆ ਦੁਆਰਾ ਭੁਗਤਾਨ ਬੈਂਕ ਲਾਇਸੰਸ ਜਾਰੀ ਕੀਤਾ ਗਿਆ ਹੈ ਜਾਂ ਕੀਤਾ ਜਾਵੇਗਾ।

ਠ. "RPSL" ਦਾ ਮਤਲਬ ਹੋਵੇਗਾ ਰਿਲਾਇੰਸ ਪੇਮੈਂਟ ਸ਼ਲਯੂਸ਼ਨਸ ਲਿਮੀਟੇਡ, ਇੱਕ ਭਾਰਤ ਵਿੱਚ ਨਿਗਮਿਤ ਕੰਪਨੀ, ਆਪਣੀਆਂ ਸ਼ਾਖਾਵਾਂ ਸਮੇਤ, ਜਿਸਦਾ ਪੰਜੀਕ੍ਰਿਤ ਦਫ਼ਤਰ 5ਵੀਂ ਮੰਜਿਲ, ਕੋਰਟ ਹਾਊਸ, ਲੋਕਮਾਨਯਾ ਤਿਲਕ ਮਾਰਗ, ਧੋਬੀ ਤਲਾਉ, ਮੁੰਬਈ - 400 002 ਵਿੱਚ ਹੈ।

ਡ. "ਲੈਣ-ਦੇਣ" ਦਾ ਮਤਲਬ ਹੋਵੇਗਾ ਕਿ ਗਾਹਕ ਦੁਆਰਾ ਜਾਂ ਉਸ ਦੇ ਵੱਲੋਂ ਸ਼ੁਰੂ ਕੀਤਾ ਗਿਆ ਲੈਣ-ਦੇਣ ਸਮੇਤ ਜੀਓ ਮਨੀ ਅਕਾਊਂਟ ਵਿੱਚ ਕੋਈ ਵੀ ਲੈਣ-ਦੇਣ

2. ਆਮ ਸ਼ਰਤਾਂ

(ਓ) ਗਾਹਕ ਇਥੇ RPSL ਨੂੰ ਜੀਓ ਮਨੀ ਸਰਵਿਸਿਸ ਨੂੰ ਮੁਹੱਈਆ ਕਰਵਾਉਣ ਲਈ ਅਤੇ ਜੀਓ ਮਨੀ ਅਕਾਊਂਟ ਨੂੰ ਖੋਲ੍ਹਣ ਅਤੇ ਰੱਖ-ਰਖਾਵ ਲਈ ਅਧਿਕ੍ਰਿਤ ਕਰਦਾ ਹੈ। ਸੇਵਾਵਾਂ ਮੁਹੱਈਆ ਕਰਵਾਏ ਜਾਣ ਦੀ ਮਿਆਦ ਦੌਰਾਨ ਗਾਹਕ ਕੋਲ ਸਕ੍ਰੀਯ ਮੋਬਾਇਲ ਫੋਨ ਕਨੈਕਸ਼ਨ ਜਰੂਰ ਹੋਣਾ ਚਾਹੀਦਾ ਹੈ। ਗਾਹਕ ਮੋਬਾਇਲ ਫੋਨ ਨੂੰ ਬਦਲਣ, ਰੱਧ ਕਰਨ, ਬਰਖਾਸਤਗੀ ਜਾਂ ਸਮਰਪਣ ਦੀ ਕਿਸੀ ਵੀ ਸੂਰਤ ਵਿੱਚ RPSL ਨੂੰ ਤੁਰੰਤ ਲਿਖਤ ਵਿੱਚ ਸੂਚਨਾ ਦੇਵੇ। ਗਾਹਕ RPSL ਨੂੰ ਗਾਹਕ ਦੇ ਸਥਾਈ ਨੰਬਰ ਅਤੇ/ਜਾਂ ਸੰਚਾਰ ਪਤੇ ਜਾਂ ਹੋਰ ਸੰਬੰਧਿਤ ਵੇਰਵਿਆਂ ਵਿੱਚ ਬਦਲਾਵ ਬਾਰੇ ਤੁਰੰਤ ਸੂਚਨਾ ਦੇਵੇ ਅਤੇ ਸਹਿਯੋਗੀ KYC ਦਸਤਾਵੇਜ, ਜਿਨ੍ਹਾਂ ਦੀ RPSL ਨੂੰ ਸਮੇਂ-ਸਮੇਂ ਸਿਰ ਜਰੂਰਤ ਹੋਵੇ, ਜਰੂਰ ਮੁਹੱਈਆ ਕਰਵਾਏ।

(ਅ) ਗਾਹਕ ਪੁਸ਼ਟੀ ਕਰਦਾ ਹੈ ਕਿ ਗਾਹਕ ਦਾ ਕੋਈ ਹੋਰ ਜੀਓ ਮਨੀ ਅਕਾਊਂਟ ਨਹੀਂ ਹੈ।

(ੲ) ਗਾਹਕ ਪੁਸ਼ਟੀ ਕਰਦਾ ਹੈ ਕਿ ਗਾਹਕ ਸਿਹਤਮੰਦ ਮਨ ਦਾ ਹੈ।

(ਸ) ਗਾਹਕ ਜੀਓ ਮਨੀ ਸਰਵਿਸਿਜ ਨੂੰ ਕਿਸੀ ਅਜਿਹੇ ਮਕਸਦ ਲਈ ਇਸਤੇਮਾਲ ਨਹੀਂ ਕਰੇਗਾ ਜਿਸਨੂੰ ਕਿਸੀ ਲਾਗੂ ਕਾਨੂੰਨ, ਜਨਤਕ ਨੀਤੀ ਦੇ ਉਲਟ ਜਾਂ ਵਿਰੋਧ ਵਿੱਚ ਮੰਨਿਆ ਜਾਵੇ ਜਾਂ ਕਿਸੀ ਅਜਿਹੇ ਮਕਸਦ ਲਈ ਜਿਹੜਾ RPSL ਦੀ ਨੀਤੀ ਦੇ ਉਲਟ ਹੋਵੇ ਜਾਂ RPSL ਦੀ ਸਦਭਾਵਨਾ `ਤੇ ਗਲਤ ਪ੍ਰਭਾਵ ਪਾਉਂਦਾ ਹੋਵੇ।

(ਹ) RPSL ਜੀਓ ਮਨੀ ਵੈਲੇਟ ਅਤੇ ਜੀਓ ਮਨੀ ਅਕਾਊਂਟ ਨੂੰ ਜਾਰੀ ਅਤੇ ਸੰਚਾਲਿਤ ਕਰੇਗਾ ਅਤੇ ਜੀਓ ਮਨੀ ਸਰਵਿਸਿਜ ਨੂੰ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਅਤੇ ਲਾਗੂ ਕਾਨੂੰਨ ਮੁਤਾਬਿਕ ਮੁਹੱਈਆ ਕਰਵਾਏਗਾ।

(ਕ) ਗਾਹਕ ਨੂੰ ਘੱਟ KYC ਖਾਤੇ ਨਾਲ ਜੁੜੇ ਜੀਓ ਮਨੀ ਸਰਵਿਸਿਜ ਨੂੰ ਲਾਗੂ ਕਾਨੂੰਨ ਦੀ ਸੀਮਾਵਾਂ ਅਤੇ ਬੰਦਿਸ਼ਾਂ ਦੇ ਮੁਤਾਬਿਕ ਅਤੇ KYC ਖਾਤੇ ਦੀਆਂ ਜਰੂਰਤਾਂ ਸਫਲਤਾਪੂਰਵਕ ਪੂਰੀਆਂ ਹੋ ਜਾਣ `ਤੇ ਮੁਹੱਈਆ ਕਰਵਾਇਆ ਜਾਵੇਗਾ। ਸਫਲਤਾਪੂਰਵਕ ਪੂਰੇ ਹੋ ਜਾਣ ਅਤੇ ਪੂਰੇ KYC ਖਾਤੇ ਦੀਆਂ ਜਰੂਰਤਾਂ ਦੀ ਪ੍ਰਮਾਣਕਤਾ ਤੋਂ ਬਾਅਦ ਗਾਹਕ ਪੂਰੇ KYC ਖਾਤੇ ਨਾਲ ਜੁੜੀਆਂ ਜੀਓ ਮਨੀ ਸਰਵਿਸਿਜ ਦਾ ਲਾਭ ਉਠਾਉਣ ਦੇ ਯੋਗ ਹੋਵੇਗਾ।

(ਖ) RPSL ਦੁਆਰਾ ਨਾਬਾਲਗ ਨੂੰ ਸਿਰਫ ਘੱਟ KYC ਖਾਤੇ ਦੀ ਪੇਸ਼ਕਸ਼ ਕੀਤੀ ਜਾਵੇਗੀ। ਬਾਲਗ ਹੋਣ `ਤੇ, ਨਾਬਾਲਗ ਉਨ੍ਹਾਂ ਜਰੂਰੀ ਜਾਣਕਾਰੀਆਂ/ਦਸਤਾਵੇਜਾਂ ਨੂੰ ਜਮ੍ਹਾਂ ਕਰਵਾਏਗਾ ਜਿਨ੍ਹਾਂ ਦੀ ਜਰੂਰਤ RPSL ਨੂੰ ਜਰੂਰੀ ਔਪਚਾਰੀਕਤਾਵਾਂ ਨੂੰ ਪੂਰਾ ਕਰਨ ਅਤੇ ਜੀਓ ਮਨੀ ਸਰਵਿਸਿਜ ਨੂੰ ਜਾਰੀ ਰੱਖਣ ਲਈ ਹੈ।

(ਗ) ਕਿਸੀ ਵੀ ਡੀਲਰ ਦੇ ਸਥਾਨ ਤੋਂ ਜੀਓ ਮਨੀ ਸਰਵਿਸਿਜ ਦਾ ਲਾਭ ਪ੍ਰਾਪਤ ਕਰਨ ਲਈ ਗਾਹਕ ਨੂੰ ਸਿਰਫ RPSL ਦੁਆਰਾ ਨਿਯੁਕਤ ਪ੍ਰਚੂਨ ਡੀਲਰਾਂ ਜਿਨ੍ਹਾਂ ਨੇ ਜੀਓ ਮਨੀ ਸੇਵਾਵਾਂ ਦੇ ਜਰੂਰੀ ਬ੍ਰਾਂਡਾਂ ਅਤੇ ਲੋਗੋਸ ਨੂੰ ਪ੍ਰਦਰਸ਼ਿਤ ਕੀਤਾ ਹੋਵੇ ਨਾਲ ਸੰਪਰਕ ਕਰਨ ਦੀ ਜਰੂਰਤ ਹੈ।

(ਘ) ਗਾਹਕ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੀ ਮਿਆਦ ਦੇ ਦੌਰਾਨ RPSL ਦੁਆਰਾ ਜਾਰੀ ਮੋਬਾਇਲ PIN ਅਤੇ/ਜਾਂ ਕੋਡ ਅਤੇ/ਜਾਂ ਪਾਸਵਰਡ ਅਤੇ ਜਾਂ ਕਾਰਡ PIN (ਹਰੇਕ ਨੂੰ ਇਸ ਤੋਂ ਬਾਅਦ "ਪ੍ਰਮਾਣਿਕਤਾ **PIN**" ਕਿਹਾ ਜਾਵੇਗਾ) ਦਾ ਇੱਕਲਾ ਅਤੇ ਪੂਰੀ ਤਰ੍ਹਾਂ ਮਾਲਿਕ ਹੋਵੇਗਾ। ਗਾਹਕ ਨੂੰ ਪ੍ਰਮਾਣਿਕਤਾ PIN ਦੇ ਇਸਤੇਮਾਲ, ਗੋਪਨਿਯਤਾ ਅਤੇ ਸੁਰੱਖਿਆ ਦੀ ਇੱਕਲੀ ਜਿਮ੍ਹੇਵਾਰੀ ਲੈਣੀ ਪਵੇਗੀ। ਗਾਹਕ ਕਿਸੀ ਹੋਰ ਵਿਅਕਤੀ ਨੂੰ ਪ੍ਰਮਾਣਿਕਤਾ **PIN** ਦਾ ਖੁਲਾਸਾ ਨਹੀਂ ਕਰੇਗਾ ਅਤੇ ਨਾ ਹੀ ਕਿਸੀ ਗੈਰ-ਅਧਿਕ੍ਰਿਤ SMS/ਈ-ਮੇਲ/ਫੋਨ ਕਾਲ ਦਾ ਜਵਾਬ ਦੇਵੇਗਾ।

(ਙ) ਗਾਹਕ ਸਹਿਮਤੀ ਦਿੰਦਾ ਹੈ ਜੀਓ ਮਨੀ ਅਕਾਉਂਟ ਜਾਂ ਸੇਵਾਵਾਂ ਬਦਲੀ-ਯੋਗ ਨਹੀਂ ਹਨ।

(ਚ) ਗਾਹਕ ਜੀਓ ਮਨੀ ਅਕਾਉਂਟ ਵਿੱਚ ਕੋਈ ਵੀ ਲੈਣ-ਦੇਣ ਕਰਨ ਤੋਂ ਪਹਿਲਾਂ ਉਚਿਤ ਪੈਸਿਆਂ (ਉਨ੍ਹਾਂ `ਤੇ ਲੱਗਣ ਵਾਲੇ ਸੇਵਾ ਖਰਚਿਆਂ ਸਮੇਤ, ਜੇਕਰ ਕੋਈ ਹਨ। ਗਾਹਕ ਲੈਣ-ਦੇਣ ਦੀ ਪ੍ਰੋਸੈਸਿੰਗ ਅਤੇ ਨਿਰਦੇਸ਼ਾਂ ਲਈ ਅਧਿਕ੍ਰਿਤ PIN ਦੇ ਕੇ RPSL ਨੂੰ ਤੁਰੰਤ ਅਧਿਕਾਰ ਪ੍ਰਦਾਨ ਕਰਦਾ ਹੈ। RPSLਜੀਓ ਮਨੀ ਅਕਾਉਂਟ ਵਿੱਚ ਪੈਸਿਆਂ ਦੀ ਘਾਟ ਕਾਰਣ ਕਿਸੀ ਸੇਵਾ ਦੀ ਮਨਾਹੀ ਲਈ ਜਿਮ੍ਹੇਵਾਰ ਨਹੀਂ ਹੋਵੇਗਾ।

(ਛ) ਗਾਹਕ ਮੋਬਾਇਲ/ਮੋਬਾਇਲ ਫੋਨ ਕਨੈਕਸ਼ਨ ਦੇ ਨੁਕਸਾਨ ਅਤੇ/ਜਾਂ ਚੋਰੀ ਹੋ ਜਾਣ ਦੀ ਸੂਰਤ ਵਿੱਚ ਵੈੱਬਸਾਈਟ `ਤੇ ਦਿੱਤੇ ਗਏ ਨੰਬਰ ਤੇ ਕਸਟਮਰ ਕਾਲ ਸੈਂਟਰ `ਤੇ ਫੋਨ ਕਰੇ ਜਾਂ ਲਿਖਤ ਵਿੱਚ ਜਾਂ ਈਮੇਲ ਰਾਹੀਂ ਜਾਂ ਆਨਲਾਈਨ ਉਪਲੱਬਧ ਫਾਰਮ ਨੂੰ ਵਰਤ ਕੇ ਜਾਂ ਮੋਬਾਇਲ ਐਪ ਵਿੱਚ ਉਪਲੱਬਧ ਫਾਰਮ ਨੂੰ ਵਰਤ ਕੇ ਜਾਂ ਡੀਲਰ ਰਾਹੀਂ ਸ਼ਿਕਾਇਤ ਦਰਜ ਕਰਵਾਏ। ਇਸ ਸੂਚਨਾ ਦੇ ਪ੍ਰਾਪਤ ਹੋਣ `ਤੇ RPSL ਕਿਸੀ ਵੀ ਬਕਾਇਆ ਜਾਂ ਭਵਿੱਖ ਦੇ ਲੈਣ-ਦੇਣ ਨੂੰ ਰੋਕ ਦੇਵੇਗਾ। RPSL ਗਾਹਕ ਤੋਂ ਅਜਿਹੀ ਸੂਚਨਾ ਪ੍ਰਾਪਤ ਹੋਣ ਤੋਂ ਪਹਿਲਾਂ ਜੀਓ ਮਨੀ ਅਕਾਉਂਟ ਵਿੱਚ ਹੋਣ ਵਾਲੇ ਕਿਸੀ ਵੀ ਗੈਰ-ਅਧਿਕ੍ਰਿਤ ਲੈਣ-ਦੇਣ ਲਈ ਜਿਮ੍ਹੇਵਾਰ ਨਹੀਂ ਹੋਵੇਗਾ।

(ਜ) ਜੀਓ ਮਨੀ ਸਰਵਿਸਿਜ ਦਾ ਇਸਤੇਮਾਲ ਕਰਨ ਦੌਰਾਨ ਗਾਹਕ ਦੁਆਰਾ ਜਮ੍ਹਾਂ ਕਰਵਾਈ ਗਈ ਕੋਈ ਵੀ ਜਾਣਕਾਰੀ RPSL ਦੁਆਰਾ ਜੀਓ ਮਨੀ ਸਰਵਿਸਿਜ ਦੇ ਪ੍ਰਬੰਧਾਂ ਦੀ ਸਹੂਲਤਾਂ ਲਈ ਤੀਜੇ ਪੱਖ ਨਾਲ ਆਪਸ ਵਿੱਚ ਸਾਂਝਾ ਕੀਤੀ ਜਾ ਸਕਦੀ ਹੈ। ਗਾਹਕ ਮੰਨਦਾ ਹੈ ਕਿ ਜੀਓ ਮਨੀ ਅਕਾਉਂਟ ਨੂੰ ਪ੍ਰਾਪਤ ਕਰਨ ਲਈ RPSL ਨੂੰ ਮੁਹੱਈਆ ਕਰਵਾਈ ਗਈ ਸਾਰੀ ਜਾਣਕਾਰੀ RPSL ਕੋਲ ਰਹੇਗੀ (ਜਿਦਾਂ ਦਾ ਮਾਮਲਾ ਹੋਵੇਗਾ) ਅਤੇ RPSL ਦੁਆਰਾ ਆਪਣੀ ਇੱਛਾ ਮੁਤਾਬਿਕ ਕਿਸੀ ਵੀ ਲਾਗੂ ਕਾਨੂੰਨ ਦੇ ਮਕਸਦ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

3. ਵਧੀਕ ਸ਼ਰਤਾਂ

(ੳ) ਕਿਸੀ ਵੀ ਗਾਹਕ ਦਾ ਇੱਕ ਤੋਂ ਜਿਆਦਾ ਬਟੂਆ (ਵੈਲੇਟ) ਗਾਹਕ ਦੇ ਨਾਮ `ਤੇ ਨਹੀਂ ਹੋਵੇਗਾ। ਜੀਓ ਮਨੀ ਅਕਾਉਂਟ ਨੂੰ ਭਾਰਤੀ ਰੁਪਇਆਂ ਵਿੱਚ ਲੈਣ-ਦੇਣ ਲਈ ਇਸਤੇਮਾਲ ਕੀਤਾ ਜਾਵੇਗ ਅਤੇ ਹੋਰ ਕਿਸੀ ਵਿਦੇਸ਼ੀ ਮੁਦਰਾ ਲਈ ਨਹੀਂ। ਜੀਓ ਮਨੀ ਅਕਾਉਂਟ ਤੋਂ ਕੋਈ ਨਕਦ ਪ੍ਰਤੀਦਾਨ ਜਾਂ ਨਕਦ ਨਿਕਾਸੀ ਨਹੀਂ ਕਰ ਸਕਦੇ।

(ਅ) RPSL ਸੇਵਾ ਤੋਂ ਸੰਬੰਧਿਤ ਕੋਈ ਵੀ ਪ੍ਰਕਟ ਜਾਂ ਅਪ੍ਰਟਕ ਵਾਰੰਟੀ, ਗਾਰੰਟੀ, ਨੁਮਾਇੰਦਗੀ ਜਾਂ ਵਚਨ, ਜਿਹੜਾ ਕਿ ਸਾਫ ਤੌਰ `ਤੇ ਇਸ ਵਿੱਚ ਦੱਸਿਆ ਨਹੀਂ ਗਿਆ ਹੈ, ਨੂੰ ਨਹੀਂ ਦਿੰਦੀ ਹੈ। RPSL ਕਿਸੀ ਵੀ ਅਜਿਹੀ ਸੇਵਾ ਲਈ ਜਿਸ ਨੂੰ RPSL.ਦੁਆਰਾ ਸਾਫਤੌਰ `ਤੇ ਅਧਿਕ੍ਰਿਤ ਨਹੀਂ ਕੀਤਾ ਗਿਆ ਹੈ।

(ੲ) ਗਾਹਕ ਦੁਆਰਾ RPSL ਨੂੰ ਗਲਤ ਜਾਣਕਾਰੀ ਮੁਹੱਈਆ ਕੀਤੇ ਜਾਣ `ਤੇ, RPSL ਜੀਓ ਮਨੀ ਸਰਵਿਸਿਜ ਨਾਲ ਸੰਬੰਧਿਤ ਕੋਈ ਵੀ ਦੇਰੀ, ਵਪਾਰ ਵਿੱਚ ਘਾਟਾ, ਲਾਭ, ਰਾਜਸਵ ਜਾਂ ਸਦਭਾਵਨਾ, ਵਿਚਾਰੀ ਗਈ ਬਚਤ, ਨੁਕਸਾਨ, ਫੀਸ ਦਾ ਖਰਚਾ, ਖਰਚੇ ਆਦਿ ਜਾਂ ਕਿਸੀ ਅਪ੍ਰਤੱਖ ਜਾਂ ਪਰਿਨਾਮੀ ਨੁਕਸਾਨ, ਜੀਓ ਮਨੀ ਸਰਵਿਸਿਜ ਦੇ ਉਪਲੱਬਧ ਨਾ ਹੋਣ/ਇਸਤੇਮਾਲ ਕਰਨ ਬਾਰੇ RPSL ਦੀ ਜਿਮ੍ਹੇਵਾਰੀ ਨਹੀਂ ਹੋਵੇਗੀ।

(ਸ) ਵਪਾਰਕ ਸੰਸਥਾਵਾਂ ਅਤੇ/ਜਾਂ ਡੀਲਰ ਦੇ ਸਥਾਨ `ਤੇ ਕੀਤੇ ਜਾਣ ਵਾਲੇ ਲੈਣ-ਦੇਣ ਲਈ ਗਾਹਕ ਆਪਣੇ ਆਪ ਨੂੰ ਇਨ੍ਹਾਂ ਸੂਚਨਾਵਾਂ ਨਾਲ ਸੰਤੁਸ਼ਟ ਕਰਨ ਦਾ ਜਿਮ੍ਹੇਵਾਰ ਹੋਵੇਗਾ ਕਿ ਲੈਣ-ਦੇਣ ਸਫਲਤਾਪੂਰਵਕ ਪੂਰਾ ਹੋ ਗਿਆ ਹੈ। RPSL ਗਾਹਕ ਨੂੰ ਸੂਚਿਤ ਕਰਨ ਦੀ ਕੋਸ਼ਿਸ਼ ਕਰੇਗਾ, ਪਰ ਸੂਚਨਾ ਦੇ ਗਾਹਕ ਤੱਕ ਨਾ ਪਹੁੰਚਣ ਦਾ ਜਿਮ੍ਹੇਦਾਰ ਨਹੀ ਹੋਵੇਗਾ। ਗਾਹਕ ਦੁਆਰਾ ਗਲਤੀ ਨਾਲ ਕਿਸੀ ਵਪਾਰਕ ਸੰਸਥਾ ਨੂੰ ਬਦਲੀ ਕੀਤੇ ਗਏ ਪੈਸੇ ਨੂੰ RPSL ਕਿਸੀ ਵੀ ਹਾਲਾਤ ਵਿੱਚ ਮੋੜੇਗਾ ਨਹੀਂ। RPSL ਜੀਓ ਮਨੀ ਅਕਾਉਂਟ ਵਿੱਚ ਹੋਈ ਕਿਸੀ ਅਨਾਧਿਕ੍ਰਿਤ ਲੈਣ-ਦੇਣ ਲਈ ਜਿਮ੍ਹੇਵਾਰ ਨਹੀਂ ਹੋਵੇਗਾ। ਕੋਈ ਝਗੜਾ ਹੋ ਜਾਣ ਦੀ ਸੂਰਤ ਵਿੱਚ ਲੈਣ-ਦੇਣ ਤੋਂ ਸੰਬੰਧਿਤ ਰਿਕਾਰਡ ਬੰਧਨਕਾਰੀ ਹੋਵੇਗਾ ਅਤੇ ਗਾਹਕ ਅਤੇ ਵਪਾਰੀ ਸੰਸਥਾ ਨੂੰ ਉਸ `ਤੇ ਭਰੋਸਾ ਕਰਨਾ ਪਵੇਗਾ।

(ਹ) RPSL ਕਿਸੀ ਵੀ ਤਰੀਕੇ ਨਾਲ ਗਾਹਕ ਦੁਆਰਾ ਖਰੀਦੇ ਗਏ ਕਿਸੀ ਵੀ ਵਪਾਰਕ ਸੰਸਥਾ ਦੇ ਉਤਪਾਦ ਜਾਂ ਸੇਵਾਵਾਂ ਜਾਂ ਲੈਣ-ਦੇਣ ਨਾਲ ਸੰਬੰਧਿਤ ਕਿਸੀ ਵੀ ਖਰਚੇ, ਟੈਕਸਾਂ ਜਾਂ ਹੋਰ ਸੁਲਕਾਂ ਲਈ ਜਿਮ੍ਹੇਵਾਰ ਨਹੀਂ ਹੋਵੇਗਾ। ਵਪਾਰਿਕ ਸੰਸਥਾ ਗਾਹਕ ਪ੍ਰਤੀ ਇਨ੍ਹਾਂ ਲਈ ਇੱਕਲੇ ਜਿਮ੍ਹੇਵਾਰ ਹੋਵੇਗੀ (i) ਵਪਾਰਿਕ ਸੰਸਥਾਵਾਂ ਦੁਆਰਾ ਵੇਚੇ ਗਏ ਸਾਰੇ ਉਤਪਾਦ ਅਤੇ ਦਿੱਤੀਆਂ ਗਈਆਂ ਸੇਵਾਵਾਂ, (ii) ਵਪਾਰਿਕ ਸੰਸਥਾਵਾਂ ਦੁਆਰਾ ਦੱਸੇ ਗਏ ਉਤਪਾਦ ਅਤੇ ਸੇਵਾਵਾਂ (iii) ਦੱਸੇ ਗਏ ਉਤਪਾਦਾਂ ਦੀ ਸਪਲਾਈ ਅਤੇ ਵਿਕਰੀ, ਅਤੇ (iv) ਵਪਾਰਕ ਸੰਸਥਾਵਾਂ ਦੁਆਰਾ ਮੁਹੱਈਆ ਕਰਵਾਈਆਂ ਗਈਆਂ ਪ੍ਰਚਾਰਕ ਪੇਸ਼ਕਸ਼ਾਂ ਅਤੇ ਯੋਜਨਾਵਾਂ, ਕੂਪਨਾਂ ਸਮੇਤ। ਗਾਹਕ ਦੁਆਰਾ ਜੀਓ ਮਨੀ ਅਕਾਉਂਟ ਦਾ ਇਸਤੇਮਾਲ ਕਰਕੇ ਵਪਾਰਕ ਸੰਸਥਾਵਾਂ ਤੋਂ ਖਰੀਦੇ/ਲਾਭ ਪ੍ਰਾਪਤ ਕੀਤੇ ਜਾਣ ਵਾਲੇ ਜਾਂ ਪ੍ਰਸਤਾਵਿਤ ਖਰੀਦ/ਲਾਭ ਪ੍ਰਾਪਤ ਕੀਤੇ ਜਾਣ ਵਾਲੀਆਂ ਵਸਤੂਆਂ/ਉਤਪਾਦਾਂ ਅਤੇ/ਜਾਂ ਸੇਵਾਵਾਂ ਨੂੰ RPSL ਸਮਰਥਨ, ਉਤਸਾਹਿਤ, ਵਾਹਵਾਹੀ ਜਾਂ ਉਨ੍ਹਾਂ ਦੀ ਵਾਰੰਟੀ ਨਹੀਂ ਦਿੰਦਾ ਹੈ।

(ਕ) RPSL ਤੀਜੇ ਪੱਖ ਦੁਆਰਾ ਰੱਖ-ਰਖਾਵ ਕੀਤੀ ਜਾ ਰਹੀ ਵੈੱਬਸਾਈਟਾਂ ਦਾ ਲਿੰਕ ਮੁਹੱਈਆ ਕਰਵਾ ਸਕਦਾ ਹੈ। ਇਹ ਲਿੰਕ ਸਿਰਫ ਗਾਹਕ ਦੀ ਸਹੂਲਤ ਲਈ ਦਿੱਤੇ ਜਾ ਰਹੇ ਹਨ ਅਤੇ ਇਨ੍ਹਾਂ ਲਿੰਕਾਂ ਨੂੰ ਦਿੱਤੇ ਜਾਣ ਦਾ ਮਤਲਬ ਇਹ ਨਹੀਂ ਹੈ ਕਿ RPSL ਇਨ੍ਹਾਂ ਵੈੱਬਸਾਈਟਾਂ ਜਾਂ ਉਤਪਾਦਾਂ ਅਤੇ ਉਨ੍ਹਾਂ ਦੁਆਰਾ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਸਮਰਥਨ ਕਰ ਰਿਹਾ ਹੈ। ਗਾਹਕ ਮੰਨਦਾ ਅਤੇ ਸਵੀਕਾਰਦਾ ਹੈ ਕਿ RPSL ਇਨ੍ਹਾਂ ਤੀਜੇ ਪੱਖ ਦੀਆਂ ਵੈੱਬਸਾਈਟਾਂ `ਤੇ ਉਪਲੱਬਧ ਕਿਸੀ ਵੀ ਜਾਣਕਾਰੀ/ਸਮੱਗਰੀ ਜਾਂ ਕਿਸੀ ਉਤਪਾਦ/ਸੇਵਾਵਾਂ ਲਈ ਜਿਮ੍ਹੇਵਾਰ ਨਹੀਂ ਹੈ। ਗਾਹਕ ਨੂੰ ਅਜਿਹੀਆਂ ਸੇਵਾਵਾਂ ਪ੍ਰਾਪਤ ਕਰਨ ਤੋਂ ਪਹਿਲਾਂ ਆਪਣੀ ਸਮਝ ਨੂੰ ਇਸਤੇਮਾਲ ਕਰਨ ਦੀ ਜਰੂਰਤ ਹੈ।

(ਖ) ਵਪਾਰਕ ਸੰਸਥਾ ਨਾਲ ਕਿਸੀ ਝਗੜੇ ਜਾਂ ਉਸ ਵਿਰੁੱਧ ਸ਼ਿਕਾਇਤ ਦਾ ਨਿਪਟਾਰਾ ਗਾਹਕ ਸਿੱਧਾ ਹੀ ਕਰੇ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ RPSL ਗਾਹਕ ਜੀਓ ਮਨੀ ਅਕਾਉਂਟ ਦਾ ਇਸਤੇਮਾਲ ਕਰਕੇ ਖਰੀਦੇ ਗਏ ਉਤਪਾਦਾਂ ਅਤੇ/ਜਾਂ ਸੇਵਾਵਾਂ ਵਿੱਚ ਕਿਸੀ ਕਮੀ ਦਾ ਜਿੰਮੇਵਾਰ ਨਹੀਂ ਹੋਵੇਗਾ। ਇਸ ਜਿਮ੍ਹੇਵਾਰੀ ਤੋਂ ਛੁਟਕਾਰਾ ਵਪਾਰਕ ਸੰਸਥਾਵਾਂ ਦੀਆਂ ਪ੍ਰਚਾਰਕ ਯੋਜਨਾਵਾਂ ਲਈ ਮੁਹੱਈਆ ਕਰਵਾਏ ਗਏ ਸਮਾਨ ਅਤੇ/ਜਾਂ ਸੇਵਾਵਾਂ `ਤੇ ਵੀ ਲਾਗੂ ਹੋਵੇਗਾ। ਗਾਹਕ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿਸੀ ਵੀ ਸਮਾਨ ਜਾਂ ਸੇਵਾ ਨੂੰ ਖਰੀਦਣ ਤੋਂ ਪਹਿਲਾਂ ਆਪਣੇ ਆਪ ਨੂੰ ਉਸਦੀ ਗੁਣਵੱਤਾ, ਮਾਤਰਾ ਅਤੇ ਕਾਬਲਿਅਤ ਬਾਰੇ ਸੰਤੁਸ਼ਟ ਕਰ ਲਉ।. RPSL ਦੀ ਕਿਸੀ ਵੀ ਯੋਜਨਾ ਹੇਠ RPSL ਦੁਆਰਾ ਦਿੱਤੇ ਜਾ ਰਹੇ ਪ੍ਰੋਤਸਾਹਨ ਅਤੇ ਹੋਰ ਲਾਭ ਲਾਗੂ ਕਾਨੂੰਨ ਦੇ ਅਧੀਨ ਹੋਣਗੇ।

(ਗ) ਗਾਹਕ ਸਪੱਸ਼ਟ ਰੂਪ ਵਿੱਚ ਸਹਿਮਤ ਹੈ ਅਤੇ ਸਵੀਕਾਰਦਾ ਹੈ ਕਿ RPSL ਉਸ ਦੁਆਰਾ ਇਕਤਰ ਕੀਤੇ ਗਏ ਗਾਹਕ ਡੇਟਾ ਅਤੇ KYC ਦਸਤਾਵੇਜਾਂ ਨੂੰ RPSL ਦੀਆਂ ਗਰੁਪ ਕੰਪਨੀਆਂ ਅਤੇ ਪੇਮੈਂਟ ਬੈਂਕ ਇਨਟਾਈਟੀ ਸਮੇਤ ਸਹਿਯੋਗੀ ਕੰਪਨੀਆਂ ਨਾਲ ਸਾਂਝਾ ਕਰ ਸਕਦਾ ਹੈ। ਇਸ ਤੋਂ ਅੱਗੇ, ਗਾਹਕ ਪੁਸ਼ਟੀ ਕਰਦਾ ਹੈ ਕਿ ਇਸ ਨੂੰ ਕੋਈ ਇਤਰਾਜ ਨਹੀਂ ਹੈ ਅਤੇ ਇਥੇ RPSL ਨੂੰ ਅਧਿਕ੍ਰਿਤ ਕਰਦਾ ਹੈ ਕਿ ਗਾਹਕ ਡੇਟਾ ਅਤੇ RPSL ਨੂੰ ਮੁਹੱਈਆ ਕਰਵਾਏ ਗਏ ਪਛਾਣ ਦੇ ਸਬੂਤ ਅਤੇ ਪਤੇ ਦੀਆਂ ਪ੍ਰਮਾਣੀਕ੍ਰਿਤ ਕਾਪੀਆਂ ਨੂੰ RPSL ਦੀਆਂ ਗਰੁਪ ਕੰਪਨੀਆਂ ਅਤੇ ਸਹਿਯੋਗੀ ਕੰਪਨੀਆਂ ਨੂੰ ਉਨ੍ਹਾਂ ਦੀ KYC ਪਾਲਣਾ ਜਰੂਰਤਾਂ ( ਪੇਮੈਂਟ ਬੈਂਕ ਇਨਟਾਈਟੂ ਦੁਆਰਾ ਬੈਂਕ ਖਾਤਾ ਖੋਲ੍ਹਣ ਦੇ ਸੰਬੰਧ ਸਮੇਤ) ਨੂੰ ਪੂਰਾ ਕਰਨ ਲਈ ਦੇ ਦਿੱਤਾ ਜਾਵੇ

(ਘ) ਗਾਹਕ ਇਥੇ ਮੰਨਦਾ ਹੈ ਕਿ ਗਾਹਕ ਸੇਵਾਵਾਂ ਦੇ ਕਿਸੀ ਹਿੱਸੇ ਨੂੰ ਕਿਸੀ ਵਪਾਰਕ ਮਕਸਦ ਲਈ ਪ੍ਰਤੀਕ੍ਰਿਤੀ, ਵੇਚ, ਮੁੜ ਵੇਚ ਅਤੇ ਨਕਲ ਨਹੀਂ ਕਰੇਗਾ।

4. ਸੁਰੱਖਿਅਤ ਅਧਿਕਾਰ

(ੳ) ਗਾਹਕ ਦੀ ਜਾਣਕਾਰੀ ਨੂੰ ਇਕਤਰ, ਤਸਦੀਕ, ਆਡਿਟ ਅਤੇ ਸਹੀ ਅਤੇ ਨਵਪੂਰਤ ਜਾਣਕਾਰੀ ਦੀ ਦੇਖਭਾਲ ਇੱਕ ਨਿਰੰਤਰ ਪ੍ਰਕਿਰਿਆ ਹੈ ਅਤੇ RPSL, KYC ਦੇ ਸਾਰੇ ਸੰਬੰਧਿਤ ਅਤੇ ਲਾਗੂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜਰੂਰੀ ਕਦਮ ਚੁਕਣ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ।

(ਅ) ਜੇਕਰ ਗਾਹਕ ਦੁਆਰਾ ਮੁਹੱਈਆ ਕਰਵਾਏ ਗਏ KYC ਦਸਤਾਵੇਜਾਂ ਵਿੱਚ ਜਾਣਕਾਰੀ ਸੰਬੰਧਿਤ ਕੋਈ ਕਮੀ ਪਾਈ ਗਈ ਅਤੇ ਜੇਕਰ ਉਸ ਵਿੱਚ ਦਿੱਤਾ ਗਿਆ ਵੇਰਵਾ CAF ਵਿੱਚ ਦਿੱਤੇ ਵੇਰਵੇ ਨਾਲ ਮੇਲ ਨਾ ਖਾਇਆ ਤਾ RPSL ਆਪਣੀ ਇੱਛਾ ਨਾਲ ਸੇਵਾਵਾਂ ਨੂੰ ਬੰਦ ਕਰਨ ਦਾ ਅਤੇ/ਜਾਂ CAF ਨੂੰ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ। ਅਜਿਹੇ ਹਾਲਾਤ ਵਿੱਚ RPSL, ਕਿਸੀ ਵੀ ਦੇਣਦਾਰੀ ਨੂੰ ਕਿਸੇ ਵੀ ਤਰੀਕੇ ਨਾਲ ਬਿਨਾਂ ਖਰਚੇ, ਜੋ ਇਸ ਨੂੰ ਉਚਿਤ ਅਤੇ ਠੀਕ ਲਗੇ, ਉਸ ਕਾਰਵਾਈ ਨੂੰ ਕਰਨ ਦਾ ਅਧਿਕਾਰ ਰੱਖਦਾ ਹੈ।

RPSL ਜੀਓ ਮਨੀ ਸਰਵਿਸਿਜ ਨੂੰ ਮੁਅੱਤਲ ਕਰਨ ਅਤੇ/ਜਾਂ ਰੋਕ ਦੇਣ ਜਾਂ ਜੀਓ ਮਨੀ ਅਕਾਉਂਟ ਨੂੰ ਕਿਸੀ ਵੀ ਸਮੇਂ, ਗਾਹਕ ਨੂੰ ਪੂਰਵ-ਸੂਚਿਤ ਕੀਤੇ ਬਿਨਾਂ, ਕਿਸੀ ਵੀ ਕਾਰਣ ਬੰਦ ਕਰਨ ਦਾ ਅਧਿਕਾਰ ਸੁਰੱਖਿਅਤ ਰਖਦਾ ਹੈ, ਜਿਸ ਵਿੱਚ ਸ਼ਾਮਿਲ ਹੈ ਪਰ ਸੀਮਿਤ ਨਹੀਂ ਹੈ :(ੳ) RBI ਦੁਆਰਾ ਸਮੇਂ-ਸਮੇਂ ਸਿਰ ਜਾਰੀ ਕਿਸੀ ਵੀ ਨਿਯਮ, ਅਧਿਨਿਯਮ, ਹੁਕਮ, ਨਿਰਦੇਸ਼, ਸੂਚਨਾਵਾਂ ਦੀ ਗਾਹਕ ਦੁਆਰਾ ਸੰਧਿਗਧ ਉਲੰਘਣਾ ਜਾਂ ਕਿਸੀ ਲਾਗੂ ਕਾਨੂੰਨ ਦੇ ਨਾਲ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਵਿੱਚ ਕਿਸੀ ਕਿਸਮ ਦੀ ਉਲੰਘਣਾ;(ਅ) ਗਾਹਕ ਦੁਆਰਾ ਦਿੱਤੇ ਗਏ ਵੇਰਵਿਆਂ, ਜਾਂ ਵੇਰਵੇ(ਆਂ) ਵਿੱਚ ਜਾਂ KYC ਦਸਤਾਵੇਜਾਂ ਜਾਂ CAF ਵਿੱਚ ਕੋਈ ਫਰਕ ਜਾਂ ਸੰਧਿਗਧ ਫਰਕ ਜਾਂ RPSL ਦਾ ਉਨ੍ਹਾਂ ਪ੍ਰਤੀ ਅਸੰਤੁਸ਼ਟ ਹੋਣਾ;(ੲ) ਸੰਭਾਵੀ ਧੋਖਾਧੜੀ, ਤੋੜਫੋੜ, ਜਾਣ-ਬੁੱਝ ਕੇ ਤਬਾਹੀ, ਕੌਮੀ ਸੁਰੱਖਿਆ ਨੂੰ ਖਤਰੇ ਨੂੰ ਰੋਕਣਾ ਜਾਂ ਕਿਸੀ ਹੋਰ ਅਪ੍ਰਤਿਆਸ਼ਿਤ ਘਟਨਾ ਕਾਰਣ (ਜਿਆਦਾ ਖਾਸ ਵੇਰਵੇ ਧਾਰਾ 10 ਵਿੱਚ ਹਨ) ਆਦਿ; (ਸ) ਤਕਨੀਕੀ ਅਸਫਲਤਾ, ਸੰਸ਼ੋਧਨ, ਅਪਗ੍ਰੇਡੇਸ਼ਨ, ਭਿੰਨਤਾ, ਸਥਾਨ ਬਦਲੀ, ਮੁਰੰਮਤ, ਰੱਖ-ਰਖਾਵ ਅਤੇ/ਜਾਂ ਕੋਈ ਵੀ ਪ੍ਰਸਾਰਣ ਦੀਆਂ ਕਮੀਆਂ; (ਹ) ਜੇਕਰ ਟੈਲੀਕਾਮ ਸੇਵਾ ਪ੍ਰਦਾਤਾ ਕਨੈਕਸ਼ਨ ਜਿਸ ਨਾਲ ਗਾਹਕ ਦਾ ਜੀਓ ਮਨੀ ਅਕਾਉਂਟ ਲਿੰਕਡ ਹੈ, ਕੰਮ ਕਰਨਾ ਬੰਦ ਕਰ ਦਿੰਦਾ ਹੈ ਜਾਂ ਗਾਹਕ ਦੇ ਕਬਜੇ ਵਿੱਚ ਹੈ ਜਾਂ ਖਾਤੇ `ਤੇ ਕਿਸੀ ਵੀ ਕਾਰਣ ਨਿਯੰਤ੍ਰਣ; ਅਤੇ/ਜਾਂ (ਕ) RPSL ਦੇ ਫੈਸਲੇ ਹੇਠ ਗਾਹਕ ਦੀ ਕਿਸੀ ਵੀ ਮਾਪਦੰਡ ਹੇਠ ਅਯੋਗਤਾ। ਫੇਰ ਵੀ ਜੀਓ ਮਨੀ ਸਰਵਿਸਿਜ ਦੀ ਅਜਿਹੀ ਮੁਅੱਤਲੀ/ਰੋਕ ਦੇਣ ਤੋਂ RPSL ਦੀ ਆਪਣੀ ਇੱਛਾ ਨਾਲ ਅਤੇ ਲਾਗੂ ਕਾਨੂੰਨਾਂ ਦੇ ਹੇਠ, ਪਹਿਲਾ ਗਾਹਕ ਨੂੰ ਜੀਓ ਮਨੀ ਅਕਾਉਂਟ ਵਿੱਚ ਪਏ ਬਕਾਇਆ ਨੂੰ ਬਦਲੀ ਕਰਨ ਅਤੇ/ਜਾਂ ਵਰਤਣ ਲਈ ਯੋਗ ਕੀਤਾ ਜਾਵੇਗਾ।

(ੲ) ਲੈਣ-ਦੇਣ ਦੀ ਘਟਨਾ ਵਾਪਰ ਜਾਣ `ਤੇ ਜੋ ਕਿ ਧੋਖਾਧੜੀ, ਸੰਧਿਗਧ ਜਾਂ ਇਤਰਾਜ਼ਯੋਗ ਲਗੇ, RPSL ਨੂੰ ਜਰੂਰਤ ਮੁਤਾਬਿਕ ਅਤੇ ਜਿਵੇਂ ਠੀਕ ਲਗੇ, ਅਥਾਰਟੀਸ ਨੂੰ ਦੱਸਣ ਸਮੇਤ ਅਜਿਹੇ ਜੀਓ ਮਨੀ ਅਕਾਉਂਟ ਵਿੱਚ ਸੰਚਾਲਨ ਨੂੰ ਅਸਕ੍ਰੀਯ ਕਰਨ ਜਾਂ ਬੰਦ ਕਰਨ ਦਾ ਅਧਿਕਾਰ ਸੁਰੱਖਿਅਤ ਹੈ।

(ਸ) RPSL ਕਿਸੀ ਨੈਟਵਰਕ ਦੇ ਖਤਮ ਹੋਣ `ਤੇ ਲੈਣ-ਦੇਣ ਨੂੰ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ। ਅਜਿਹੇ ਮਾਮਲੇ ਵਿੱਚ ਅਤੇ RPSL ਦੇ ਨਿਯੰਤ੍ਰਣ ਤੋਂ ਬਾਹਰ ਕਿਸੀ ਹੋਰ ਕਾਰਣ ਲੈਣ-ਦੇਣ ਨੂੰ ਪੂਰਾ ਕਰਨ ਵਿੱਚ ਦੇਰੀ ਅਤੇ ਅਸਫਲਤਾ ਹੋ ਸਕਦੀ ਹੈ। RPSL ਕਿਸੀ ਵੀ ਤਰ੍ਹਾਂ ਦੇ ਨੁਕਸਾਨ ਲਈ ਜਿਮ੍ਹੇਵਾਰ ਨਹੀਂ ਹੋਵੇਗਾ ਜੋ ਇਸ ਦੇਰੀ ਜਾਂ ਅਸਫਲ ਹੋਣ ਦੇ ਕਾਰਣ ਹੋਇਆ ਹੋਵੇ। RPSL ਵੈੱਬਸਾਈਟ ਜਾਂ ਮੋਬਾਇਲ ਐਪ ਅਤੇ ਸੰਬੰਧਿਤ ਤਕਨੀਕ ਅਤੇ ਸੇਵਾਵਾਂ ਨੂੰ "ਜਿਦਾਂ ਹੈਂ", "ਜਿੱਥੇ ਹੈ", "ਸਾਰੇ ਨੁਕਸਾਂ ਦੇ ਨਾਲ" ਦੇ ਆਧਾਰ `ਤੇ ਮੁਹੱਈਆ ਕਰਵਾਉਂਦਾ ਹੈ ਅਤੇ ਇਸ ਗੱਲ ਦੀ ਵਾਰੰਟੀ ਨਹੀਂ ਦਿੰਦਾ ਕਿ ਵੈੱਬਸਾਈਟ ਜਾਂ ਮੋਬਾਇਲ ਐਪ ਜਾਂ ਇਸਦਾ ਕੋਈ ਵੀ ਸਾਫਟਵੇਅਰ ਨਿਰਵਿਘਨ, ਤਰੁਟੀ-ਮੁਕਤ, ਪਹੁੰਚਯੋਗ ਜਾਂ ਹਰ ਸਮੇਂ ਕਾਰਜਸ਼ੀਲ ਰਹੇਗਾ ਜਾਂ ਕਿ ਕੋਈ ਵੀ ਨੁਕਸ ਠੀਕ ਕੀਤੇ ਜਾਣਗੇ। RPSL ਇਸ ਗੱਲ ਦੀ ਵਾਰੰਟੀ ਵੀ ਨਹੀਂ ਦਿੰਦਾ ਕਿ ਕੋਈ ਵੀ ਲਿੰਕਸ, ਜਿਹੜੇ ਪਹੁੰਚਯੋਗ ਹੋ ਸਕਦੇ ਹਨ ਜਾਂ ਕੋਈ ਵੀ ਵੈੱਬਸਾਈਟ ਰਾਹੀਂ ਡਾਊਨਲੋਡਿੰਗ ਲਈ ਉਪਲੱਬਧ ਫਾਈਲ ਜਾਂ ਮੋਬਾਇਲ ਐਪ ਵਾਇਰਸ, ਵੋਰਮਸ ਜਾਂ ਹੋਰ ਕੋਡਾਂ ਤੋਂ ਮੁਕਤ ਹੈ ਜੋ ਨੁਕਸਾਨ ਪਹੁੰਚਾ ਸਕਦੇ ਹਨ।.

(ਹ) RPSL ਕੋਲ ਆਪਣੀ ਇੱਛਾ ਮੁਤਾਬਿਕ CAF ਅਤੇ ਗਾਹਕ ਦੇ ਕਿਸੀ ਵੀ ਦਸਤਾਵੇਜ ਨੂੰ ਇਨਕਾਰ ਕਰਨ ਦਾ ਅਧਿਕਾਰ ਸੁਰੱਖਿਅਤ ਹੈ। RPSL ਕੋਲ ਅਜਿਹੇ CAF ਅਤੇ ਦਸਤਾਵੇਜ ਅਤੇ ਇਨ੍ਹਾਂ ਨਾਲ ਜਮ੍ਹਾਂ ਕਰਵਾਈਆਂ ਗਈਆਂ ਤਸਵੀਰਾਂ ਨੂੰ ਰੱਖਣ ਦਾ ਅਧਿਕਾਰ ਹੈ।

(ਕ) ਲਾਗੂ ਕਾਨੂੰਨਾਂ ਦੇ ਅਧੀਨ, ਜੀਓ ਮਨੀ ਅਕਾਉਂਟ ਵਿੱਚ ਜੇਕਰ "ਸਿਫਰ" ਬਕਾਇਆ ਹੈ, ਤਾਂ ਗਾਹਕ RSPL ਨੂੰ ਅਜਿਹਾ ਜੀਓ ਮਨੀ ਅਕਾਉਂਟ ਬੰਦ ਕਰਨ ਲਈ ਕਹਿ ਸਕਦਾ ਹੈ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੀ ਵੀ ਮਾਮਲੇ ਵਿੱਚ, ਜਿਸ ਤਰ੍ਹਾਂ ਦਾ ਮਰਜੀ ਹੋਵੇ, ਜੀਓ ਮਨੀ ਅਕਾਉਂਟ ਵਿੱਚੋਂ ਕੋਈ ਵੀ ਪੈਸਾ ਜਦੋਂ ਤੱਕ ਲਾਗੂ ਕਾਨੂੰਨਾਂ ਦੀ ਇਜਾਜਤ ਨਾ ਹੋਵੇ, ਨਿਕਲਵਾਇਆ, ਰੀਡੀਮ ਜਾਂ ਗਾਹਕ ਨੂੰ ਵਾਪਿਸ ਨਹੀਂ ਕੀਤਾ ਜਾ ਸਕਦਾ।

5. ਖਾਸ ਸੇਵਾਵਾਂ-

(ੳ) ਗਾਹਕ ਸਹਿਮਤ ਹੈ ਕਿ RPSL ਕਈ ਬਸ ਆਪਰੇਟਰਾਂ/ਹੋਟਲਾਂ/ਟ੍ਰੇਨਾਂ ਜਾਂ ਹੋਰ ਕਿਸੀ ਸੇਵਾਵਾਂ ਦੀਆਂ ਟਿਕਟਾਂ/ਸੇਵਾਵਾਂ/ਉਤਪਾਦਾਂ ਦੀ ਬੂਕਿੰਗ/ਖਰੀਦ ("ਬੁਕਿੰਗ") ਜਿਹੜੀਆਂ RPSL ਦੁਆਰਾ ਜੀਓ ਮਨੀ ਵੈਲੇਟ ("ਖਾਸ ਸੇਵਾਵਾਂ") `ਤੇ ਗਾਹਕਾਂ ਦੀ ਸੁਵਿਧਾ ਲਈ ਤੀਜੇ ਪੱਖ ਦੇ ਰਾਹੀਂ ਉਪਲੱਬਧ ਕਰਵਾਈਆਂ ਜਾ ਸਕਦੀਆਂ ਹਨ ਅਤੇ RPSL ਇਨ੍ਹਾਂ ਲਈ ਜਿਮ੍ਹੇਵਾਰ ਜਾਂ ਜਵਾਬਦੇਹ ਨਹੀਂ ਹੋਵੇਗਾ।

(ੲ) ਗਾਹਕ ਸਹਿਮਤ ਹੈ ਕਿ RPSL ਕੋਈ ਅਜਿਹੀਆਂ ਆਪਣੀਆਂ ਖਾਸ ਸੇਵਾਵਾਂ ਨੂੰ ਚਲਾਉਂਦਾ/ਮੁਹੱਈਆ/ਉਤਪਾਦਨ ਕਰਦਾ ਹੈ ਅਤੇ ਨਾ ਹੀ ਕਿਸੀ ਖਾਸ ਸੇਵਾਵਾਂ ਪ੍ਰਦਾਤਾ ਦਾ ਏਜੰਟ ਹੈ।

(ੲ) ਗਾਹਕ ਸਹਿਸਤ ਹੈ ਕਿ ਇਹ ਖਾਸ ਸੇਵਾਵਾਂ ਨੂੰ ਉਹ ਆਪਣੀ ਇੱਛਾ ਅਤੇ ਜੋਖਿਮ `ਤੇ ਪ੍ਰਾਪਤ ਕਰੇਗਾ ਅਤੇ ਕਿਸੀ ਖਾਸ ਸੇਵਾ ਪ੍ਰਦਾਤਾ ਨਾਲ ਕੀਤੇ ਜਾਣ ਵਾਲੇ ਲੈਣ-ਦੇਣ ਲਈ ਖੁਦ ਇੱਕਲਾ ਜਿਮ੍ਹੇਵਾਰ ਅਤੇ ਜਵਾਬਦੇਹ ਹੋਵੇਗਾ। ਗਾਹਕ ਸਹਿਮਤ ਹੁੰਦਾ ਹੈ ਕਿ RPSL ਗਾਹਕ ਦੁਆਰਾ ਖਾਸ ਸੇਵਾਵਾਂ ਕਿਸੀ ਵੀ ਕਾਰਣ ਪ੍ਰਾਪਤ ਕਰਨ/ਬੁਕ ਕੀਤੇ ਜਾਣ ਦੇ ਸੰਬੰਧ ਵਿੱਚ ਕਿਸੀ ਗੱਲ ਲਈ ਜਿਮ੍ਹੇਵਾਰ ਨਹੀਂ ਹੋਵੇਗਾ ਜਿਸ ਵਿੱਚ ਦੇਰੀ, ਰੱਦ, ਆਪਰੇਟਰ/ਉਨ੍ਹਾਂ ਦੇ ਕਰਮਚਾਰੀਆਂ ਦੇ ਵਿਵਹਾਰ ਦੇ ਮਾਮਲੇ, ਸਮਾਨ ਗੁੰਮ ਹੋਣ ਜਾਂ ਕੋਈ ਹੋਰ ਨੁਕਸਾਨ ਜਾਂ ਸੱਟ, ਬੇਆਰਾਮੀਆਂ ਅਤੇ ਤੋੜ-ਫੋੜ ਸ਼ਾਮਿਲ ਹੈ ਪਰ ਇਥੇ ਤੱਕ ਹੀ ਸੀਮਿਤ ਨਹੀਂ ਹੈ। ਗਾਹਕ ਇਸ ਕਾਰਣ ਹੋਣ ਵਾਲੇ ਕਿਸੇ ਵੀ ਦਾਅਵੇ / ਦੇਣਦਾਰੀ / ਨੁਕਸਾਨ / ਮੁਕੱਦਮੇ ਆਦਿ ਹੋਣ `ਤੇ RPSL ਨੂੰ ਹਰਜਾਨਾ ਦੇਣ ਲਈ ਸਹਿਮਤ ਹੈ।

(ਸ) ਗਾਹਕ ਖਾਸ ਸੇਵਾ ਪ੍ਰਦਾਤਾ/ਆਪਰੇਟਰ/ਤੀਜੇ ਪੱਖ ਦੇ ਸੇਵਾ ਪ੍ਰਦਾਤਾ ਤੋਂ ਖਾਸ ਸੇਵਾ ਲੈਣ ਲਈ ਉਨ੍ਹਾਂ ਦੀਆਂ ਸ਼ਰਤਾਂ/ਨੀਤੀਆਂ ਨਾਲ ਬੰਨਿਆ ਹੋਵੇਗਾ ਜਿਸ ਵਿੱਚ ਰੱਦ ਕਰਨ ਦਾ ਖਰਚਾ ਅਤੇ ਖਾਸ ਸੇਵਾ ਪ੍ਰਦਾਤਾ/ਆਪਰੇਟਰ ਨਾਲ ਸਿੱਧੇ ਖਾਸ ਸੇਵਾਵਾਂ ਤੋਂ ਸੰਬੰਧਿਤ ਵਿਵਾਦ ਨੂੰ ਸੁਲਝਾਉਣਾ ਸ਼ਾਮਿਲ ਹੈ।

(ਹ) ਗਾਹਕ ਸਹਿਮਤ ਹੈ ਕਿ ਵਪਾਰਕ ਸੰਸਥਾਵਾਂ ਗਾਹਕ ਨੂੰ ਕੋਈ ਵੀ ਸਕੀਮ/ਛੂਟ ਕੂਪਨ ਮੁਹੱਈਆ/ਘੋਸ਼ਿਤ ਕਰ ਸਕਦੀਆਂ ਹਨ। ਗਾਹਕ ਅਜਿਹੀ ਸਕੀਮ/ਛੂਟ ਕੂਪਨ/ਕੂਪਨਾਂ ਦਾ ਆਪਣੀ ਇੱਛਾ ਅਤੇ ਸਮਝ ਨਾਲ ਲਾਭ ਪ੍ਰਾਪਤ ਕਰ ਸਕਦੇ ਹਨ ਅਤੇ RPSL ਗਾਹਕ ਦੁਆਰਾ ਲਿੱਤੇ ਗਏ ਇਨ੍ਹਾਂ ਕੂਪਨਾਂ/ਛੂਟ ਕੂਪਨਾਂ/ਸਕੀਮ ਤੋਂ ਹੋਣ ਵਾਲੇ ਅਤੇ ਇਨ੍ਹਾਂ ਤੋਂ ਸੰਬੰਧਿਤ ਕਿਸੀ ਨੁਕਸਾਨ, ਲਾਗਤ, ਹਰਜਾਨੇ, ਮੁਕੱਦਮੇ, ਤੋੜ-ਫੋੜ ਲਈ ਜਿਮ੍ਹੇਵਾਰ ਨਹੀਂ ਹੋਵੇਗਾ। ਗਾਹਕ ਸਹਿਮਤ ਹੈ ਕਿ ਇਨ੍ਹਾਂ ਕੂਪਨਾਂ/ਛੂਟ ਕੂਪਨਾਂ/ਸਕੀਮ ਦੀ ਰੀਡੈਮਪਸ਼ਨ/ਵਰਤੋਂ ਵਪਾਰਕ ਸੰਸਥਾ ਦੇ ਨਿਯਮਾਂ ਅਤੇ ਸ਼ਰਤਾਂ ਅਧੀਨ ਹੋਵੇਗੀ। ਗਾਹਕ RPSL ਨੂੰ ਪੂਰੀ ਅਧਿਕ੍ਰਿਤਤਾ ਦਿੰਦਾ ਹੈ ਕਿ ਇੱਕ ਵਾਰੀ ਜਦੋਂ ਗਾਹਕ ਇਨ੍ਹਾਂ ਵਪਾਰਕ ਸੰਸਥਾਵਾਂ ਨਾਲ ਲੈਣ-ਦੇਣ ਸ਼ੁਰੂ ਕਰੇ ਤਾਂ ਉਹ ਜੀਓ ਮਨੀ ਅਕਾਉਂਟ ਦੇ ਬਕਾਏ ਨੂੰ ਵਪਾਰਿਕ ਸੰਸਥਾਵਾਂ ਨਾਲ ਸਾਂਝਾ ਕਰੇ।

(ਕ) RPSL ਸਮੇਂ ਸਮੇਂ ਸਿਰ ਸਕੀਮ ਅਤੇ ਗਾਹਕ ਆਫਰ ("ਆਫਰ") ਆਪਣੀ ਮਰਜੀ ਨਾਲ ਘੋਸ਼ਿਤ ਕਰ ਸਕਦਾ ਹੈ ਜਿਹੜੀਆਂ ਕਿ ਆਫਰ ਦੀਆਂ ਸ਼ਰਤਾਂ ਦੇ ਅਧੀਨ ਹੋਣਗੀਆਂ। RPSL ਦਾ ਇਹ ਆਪਣਾ ਅਧਿਕਾਰ ਹੈ ਕਿ ਉਹ ਗਾਹਕ ਨੂੰ ਆਫਰ ਦੇ ਲਾਭਾਂ ਲਈ ਇਨਕਾਰ ਕਰੇ ਜੇਕਰ RPSL ਦਾ ਇਹ ਵਿਚਾਰ ਹੈ ਕਿ ਲੈਣ-ਦੇਣ ਧੋਖਾਧੜੀ, ਸੰਧਿਗਦ ਹੈ ਅਤੇ ਇਸਦੀ ਦੁਰਵਰਤੋਂ ਕੀਤੀ ਗਈ ਹੈ।

6. ਖਰਚੇ

ਜੀਓ ਮਨੀ ਅਕਾਉਂਟ ਦੀ ਜੀਓ ਮੋਬਾਇਲ ਐਪ ਸਮੇਤ ਵਰਤੋਂ ਅਤੇ ਆਪਰੇਸ਼ਨ RPSL ਦੁਆਰਾ ਸਮੇਂ-ਸਮੇਂ ਸਿਰ ਵੈੱਬਸਾਈਟ (www.jiomoney.com) `ਤੇ ਨਿਰਧਾਰਿਤ ਸੇਵਾ ਖਰਚਿਆਂ ਦੇ ਭੁਗਤਾਨ ਦੇ ਅਧੀਨ ਹੈ। ਖਰਚੇ ਟੈਕਸਾਂ, ਡਿਊਟੀਆਂ, ਸੈਸ ਤੋਂ ਵੱਖਰੇ ਹੋਣਗੇ। ਗਾਹਕ ਬਿਨਾਂ ਸ਼ਰਤ ਅਤੇ ਅਟਲ RPSL ਨੂੰ ਅਧਿਕ੍ਰਿਤ ਕਰਦਾ ਹੈ ਕਿ ਜਦੋਂ ਵੀ RPSL ਨੂੰ ਜਰੂਰਤ ਹੋਵੇ ਉਹ ਗਾਹਕ ਦੇ ਜੀਓ ਮਨੀ ਅਕਾਉਂਟ ਨੂੰ ਸਮੇਂ-ਸਮੇਂ ਸਿਰ ਜੀਓ ਮਨੀ ਅਕਾਉਂਟ ਨੂੰ ਜਾਰੀ ਕਰਨ ਅਤੇ ਵਰਤੋਂ ਲਈ ਬਰਾਬਰ ਦੀ ਫੀਸ ਅਤੇ ਲਾਗੂ ਖਰਚਿਆਂ ਨੂੰ ਉਸ ਵਿੱਚ ਡੈਬਿਟ ਕਰੇ।

7. ਸੀਮਾਵਾਂ

ਗਾਹਕ ਦੇ ਜੀਓ ਮਨੀ ਅਕਾਉਂਟ ਵਿੱਚ ਲੈਣ-ਦੇਣ ਅਤੇ ਲੈਣ-ਦੇਣ ਦੀ ਸੀਮਾਵਾਂ ਨੂੰ ਲਾਗੂ ਨਿਯਮਾਂ ਮੁਤਾਬਿਕ ਜੋ ਸਮੇਂ-ਸਮੇਂ ਸਿਰ ਸੰਸ਼ੋਧਿਤ ਹੋਏ ਹਨ, ਨੂੰ RPSL ਦੀ ਇੱਛਾ ਮੁਤਾਬਿਕ ਨਿਰਧਾਰਿਤ ਕੀਤਾ ਜਾਵੇਗਾ। ਅਜਿਹੀਆਂ ਨਿਰਧਾਰਿਤ ਕੀਤੀਆਂ ਲੈਣ-ਦੇਣ ਦੀਆਂ ਸੀਮਾਵਾਂ ਨੂੰ ਵੈੱਬਸਾਈਟ (www.jiomoney.com) `ਤੇ ਪੋਸਟ ਕਰ ਕੇ ਗਾਹਕ ਨੂੰ ਸੂਚਿਤ ਕੀਤਾ ਜਾਵੇਗਾ।

8. ਹਰਜਾਨਾ

ਗਾਹਕ RPSL ਨੂੰ ਘਾਟਾ, ਖਰਚਾ ਅਤੇ ਨੁਕਸਾਨ ਲਈ ਜਿਮ੍ਹੇਵਾਰ ਹੋਵੇਗਾ ਅਤੇ RPSL ਨੂੰ ਹਰਜਾਨਾ ਦੇਣ, ਉਸ ਦਾ ਬਚਾਅ ਕਰਨ ਅਤੇ ਨੁਕਸਾਨ ਤੋਂ ਬਚਾ ਕੇ ਰੱਖੇਗਾ ਅਤੇ/ਜਾਂ ਡੀਲਰ ਨੂੰ ਕਿਸੀ ਜਾਂ ਸਾਰਿਆਂ ਦਾਵਿਆਂ, ਨੁਕਸਾਨ, ਤੋੜ-ਫੋੜ, ਦੇਣਦਾਰੀਆਂ, ਲਾਗਤ ਅਤੇ ਖਰਚਿਆਂ, ਕਾਨੂੰਨੀ ਖਰਚਿਆਂ ਅਤੇ ਜੀਓ ਮਨੀ ਸਰਵਿਸਿਜ ਦੀ ਵਰਤੋਂ ਜਾਂ ਦੁਰਵਰਤੋਂ ਤੋਂ ਸੰਬੰਧਿਤ ਖਰਚਿਆਂ, ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਜਾਂ ਗਾਹਕ ਦੁਆਰਾ ਕਿਸੀ ਨੁਮਾਇੰਦਗੀ, ਵਾਰੰਟੀਸ ਅਤੇ ਕਰਾਰ ਦੀ ਉਲੰਘਣਾ ਤੋਂ ਮਹਿਫੂਜ ਰੱਖੇਗਾ। ਗਾਹਕ RPSL ਨੂੰ ਗਾਹਕ ਦੁਆਰਾ ਠੀਕ ਸਥਾਈ ਅਤੇ ਸੰਪਰਕ ਪਤੇ ਬਾਰੇ ਸੂਚਿਤ ਕਰਨ ਅਤੇ/ਜਾਂ ਗਾਹਕ ਵਲੋਂ ਸਥਾਈ ਪਤੇ ਵਿੱਚ ਬਦਲਾਵ/ਸੰਸ਼ੋਧਨ ਬਾਰੇ ਸੂਚਿਤ ਕਰਨ ਵਿੱਚ ਅਸਫਲ ਰਹਿਣ ਕਾਰਣ ਹੋਈ ਕਿਸੀ ਧੋਖਾਧੜੀ, ਘਾਟਾ ਜਾਂ ਨੁਕਸਾਨ ਦਾ ਹਰਜਾਨਾ ਦੇਵੇਗਾ।

9. ਨਿਯਮਾਂ ਵਿੱਚ ਬਦਲਾਵ

ਇਥੇ ਦਿੱਤੇ ਨਿਯਮ ਅਤੇ ਸ਼ਰਤਾਂ ਲਾਗੂ ਕਾਨੂੰਨ ਦੇ ਅਧੀਨ ਹੋਣਗੀਆਂ। ਅੱਗੇ, RPSL ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਨੂੰ ਸਮੇਂ-ਸਮੇਂ ਸਿਰ ਬਦਲ ਜਾਂ ਸੰਸ਼ੋਧਿਤ ਕਰ ਸਕਦਾ ਹੈ ਅਤੇ ਇਨ੍ਹਾਂ ਨੂੰ ਅਪਡੇਟ ਕਰ ਕੇ RPSL ਦੁਆਰਾ ਵੈੱਬਸਾਈਟ (www.jiomoney.com). `ਤੇ ਪਾਇਆ ਅਤੇ ਦਰਸ਼ਾਇਆ ਜਾਵੇਗਾ। ਗਾਹਕ ਆਪਣੇ ਆਪ ਨੂੰ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਵਿੱਚ ਹੋਏ ਸੰਸ਼ੋਧਨਾਂ ਨਾਲ ਅਪਡੇਟ ਰੱਖੇ। ਨਿਯਮਾਂ ਅਤੇ ਸੰਸ਼ੋਧਨਾਂ ਵਿੱਚ ਕੀਤੇ ਗਏ ਕਿਸੀ ਵੀ ਸੰਸ਼ੋਧਨ ਤੋਂ ਬਾਅਦ ਕੀਤੇ ਗਏ ਲੈਣ-ਦੇਣ ਨੂੰ ਗਾਹਕ ਦੁਆਰਾ ਇਨ੍ਹਾਂ ਸੰਸ਼ੋਧਿਤ ਨਿਯਮਾਂ ਅਤੇ ਸ਼ਰਤਾਂ ਨੂੰ ਸਵੀਕਾਰ ਮੰਨਿਆ ਜਾਵੇਗਾ। RPSL ਅੰਦਰੂਨੀ ਨੀਤੀਆਂ ਜਾਂ ਲਾਗੂ ਕਾਨੂੰਨਾਂ ਵਿੱਚ ਕਿਸੀ ਵੀ ਬਦਲਾਵ ਕਾਰਣ ਕਿਸੀ ਵੀ ਸਮੇਂ ਜੀਓ ਮਨੀ ਸਰਵਿਸਿਜ ਨੂੰ ਬਿਨਾਂ ਪਹਿਲਾਂ ਸੂਚਿਤ ਕੀਤੇ ਸੰਸ਼ੋਧਿਤ, ਬਰਖਾਸਤ ਅਤੇ/ਜਾਂ ਮੁਅਤਲ ਕਰ ਸਕਦਾ ਹੈ।

10. ਮਾਲਿਕਾਨਾ ਅਤੇ ਸਵਾਮੀਤਵ ਅਧਿਕਾਰ

ਗਾਹਕ ਸਹਿਮਤ ਹੈ ਕਿ ਉਸਦੇ ਜੀਓ ਮਨੀ ਅਕਾਉਂਟ ਅਤੇ ਉਸ ਨਾਲ ਸੰਬੰਧਿਤ ਸੇਵਾਵਾਂ ਅਤੇ ਉਨ੍ਹਾਂ ਤੋਂ ਪੈਦਾ ਹੋਣ ਵਾਲੇ ਬੌਧਿਕ ਸੰਪਤੀ ਅਧਿਕਾਰਾਂ `ਤੇ ਕੋਈ ਦਾਅਵਾ/ਅਧਿਕਾਰ ਨਹੀਂ ਹੈ। ਗਾਹਕ ਅੱਗੇ ਵਚਨ ਦਿੰਦਾ ਹੈ ਕਿ ਉਹ ਮੋਬਾਇਲ ਐਪਲੀਕੇਸ਼ਨ ਅਧੀਨ ਸਾਫਟਵੇਅਰ ਨੂੰ ਸੰਸ਼ੋਧਿਤ, ਬਦਲਣ, ਅਗਿਆਤ, ਅਨੁਵਾਦ, ਅਲਗ ਕਰਨ, ਜਾਂ ਉਲਟ ਇੰਜੀਨਿਅਰਿੰਗ ਦੀ ਕੋਸ਼ਿਸ਼ ਨਹੀਂ ਕਰੇਗਾ ਜਾਂ ਸਾਫਟਵੇਅਰ `ਤੇ ਆਧਾਰਿਤ ਕੋਈ ਯੋਗਿਕ ਉਤਪਾਦ ਬਣਾਉਣ ਦੀ ਕੋਸ਼ਿਸ਼ ਨਹੀਂ ਕਰੇਗਾ। ਗਾਹਕ ਸਮਝਦਾ ਹੈ ਕਿ ਜੀਓ ਮਨੀ ਸਰਵਿਸਿਜ ਦਾ ਯੂਜਰ ਇੰਟਰਫੇਸ, ਗ੍ਰਾਫਿਕਸ, ਲੋਗੋਸ, ਡਿਜਾਇਨ, ਸੰਕਲਨ, ਜਾਣਕਾਰੀ, ਉਤਪਾਦ, ਸੇਵਾਵਾਂ, ਸਾਫਟਵੇਅਰ, ਅਤੇ ਹੋਰ ਸਾਰੇ ਤੱਤ RPSL ਜਾਂ ਇਸ ਦੀਆਂ ਸੰਬੰਧਿਤ ਪਾਰਟੀਆਂ ਨਾਲ ਕਾਪੀਰਾਈਟ, ਡਿਜਾਇਨ, ਪੇਟੈਂਟ ਅਤੇ ਟ੍ਰੇਡਮਾਰਕ ਕਾਨੂੰਨਾਂ ਅਤੇ ਬੌਧਿਕ ਸੰਪਦਾ ਅਤੇ ਹੋਰ ਬੌਧਿਕ ਸੰਪਦਾ ਅਧਿਕਾਰਾਂ ਨਾਲ ਸੁਰੱਖਿਅਤ ਹਨ। ਅਪ੍ਰਤਿਆਸ਼ਿਤ ਘਟਨਾ

11. RPSL ਕਿਸੀ ਅਪ੍ਰਤਿਆਸ਼ਿਤ ਘਟਨਾ ਹੋਣ `ਤੇ ਗਾਹਕ ਨੂੰ ਸੂਚਿਤ ਕਰੇਗਾ ਅਤੇ ਉਸਦਾ ਉਚਿਤ ਹਲ ਲੱਭਣ ਲਈ ਸਾਰੇ ਵਾਜਬ ਕਦਮ ਚੁਕੇਗਾ।

"ਅਪ੍ਰਤਿਆਸ਼ਿਤ ਘਟਨਾ" ਦਾ ਮਤਲਬ ਹੈ ਕੋਈ ਵੀ ਘਟਨਾ ਜਿਸ ਦਾ ਕਾਰਣ RPSL ਅਤੇ/ਜਾਂ ਇਸ ਦੇ ਭਾਈਵਾਲ ਬੈਂਕ ਦੇ ਉਚਿਤ ਨਿਯੰਤ੍ਰਣ ਤੋਂ ਬਾਹਰ ਹੋਵੇ, ਜਿਸ ਵਿੱਚ ਸ਼ਾਮਿਲ ਹੈ ਪਰ ਕਿਸੀ ਸੀਮਾ ਤੋਂ ਬਗੈਰ ਹਨ, ਕਿਸੀ ਸੰਚਾਰ ਪ੍ਰਣਾਲੀ ਦਾ ਉਪਲੱਬਧ ਨਾ ਹੋਣਾ, ਉਲੰਘਣਾ ਜਾਂ ਵਿਧੀ ਜਾਂ ਭੁਗਤਾਨ ਪ੍ਰਣਾਲੀ ਵਿੱਚ ਵਾਇਰਸ, ਤੋੜ-ਫੋੜ, ਅੱਗ, ਬਾੜ੍ਹ, ਧਮਾਕਾ, ਰੱਬ ਦੇ ਭਾਣੇ, ਸਿਵਲ ਹੰਗਾਮਾ, ਸਟ੍ਰਾਈਕਾਂ ਜਾਂ ਕਿਸੀ ਤਰੀਕੇ ਦੀ ਉਦਯੋਗਿਕ ਕਾਰਵਾਈ, ਦੰਗੇ, ਵਿਦਰੋਹ, ਲੜਾਈ, ਸਰਕਾਰ ਦੇ ਕੰਮ, ਕੰਪਿਊਟਰ ਹੈਕਿੰਗ, ਕੰਪਿਊਟਰ ਡੇਟਾ ਅਤੇ ਸਟੋਰੇਜ ਉਪਕਰਣ `ਤੇ ਅਨਾਧਿਕ੍ਰਿਤ ਪਹੁੰਚ, ਕੰਪਿਊਟਰ ਕ੍ਰੈਸ਼, ਸੁਰੱਖਿਆ ਵਿੱਚ ਦਰਾਰ ਅਤੇ ਇੰਕ੍ਰਿਪਸ਼ਨ ਵਗੈਰਾ।

RPSL ਇਨ੍ਹਾਂ ਸ਼ਰਤਾਂ ਅਤੇ ਨਿਯਮਾਂ ਹੇਠ ਆਪਣੀ ਜਿਮ੍ਹੇਵਾਰੀ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ `ਤੇ ਜਵਾਬਦੇਹ ਨਹੀਂ ਹੋਵੇਗਾ, ਜੇਕਰ ਕਾਰਗੁਜਾਰੀ ਕਿਸੀ ਅਪ੍ਰਤਿਆਸ਼ਿਤ ਘਟਨਾ ਕਾਰਣ ਰੁਕਦੀ, ਰੋਕੀ ਜਾਂਦੀ ਹੈ ਜਾਂ ਇਸ ਵਿੱਚ ਦੇਰੀ ਹੁੰਦੀ ਹੈ ਅਤੇ ਅਜਿਹੇ ਮਾਮਲੇ ਵਿੱਚ ਇਸ ਦੀ ਜਿਮ੍ਹੇਵਾਰੀ ਉਸ ਸਮੇਂ ਤੱਕ ਮੁਅਤੱਲ ਕਰ ਦਿੱਤੀ ਜਾਵੇਗੀ ਜਦੋਂ ਤੱਕ ਅਪ੍ਰਤਿਆਸ਼ਿਤ ਘਟਨਾ ਚਲਦੀ ਰਹਿੰਦੀ ਹੈ।

12. ਖਾਤੇ ਦੀ ਸਮਾਪਤੀ

ਜੀਓ ਮਨੀ ਵੈਲੇਟ (i) ਜਾਰੀ/ਸਕ੍ਰੀਯ ਕਰਨ ਦੀ ਮਿਤੀ ਤੋਂ; ਜਾਂ (ii) ਗਾਹਕ ਦੁਆਰਾ ਅਖੀਰਲੇ ਵਿੱਤੀ ਲੈਣ-ਦੇਣ ਤੋਂ, ਜਿਹੜਾ ਵੀ ਬਾਅਦ ਵਿੱਚ ਹੋਵੇ, 12 ਮਹੀਨੇ ਲਈ ਵੈਧ ਹੋਵੇਗਾ। ਸਮਾਪਤੀ ਤੋਂ ਬਾਅਦ ਜੀਓ ਮਨੀ ਵਿੱਚ ਕੋਈ ਵੀ ਗੈਰ-ਵਰਤਿਆ ਬਕਾਇਆ, RPSL ਦੀ ਇੱਛਾ ਨਾਲ,ਜ਼ਬਤ ਕਰ ਲਿੱਤਾ ਜਾਵੇਗਾ। ਅਜਿਹੀ ਘਟਨਾ ਵਿੱਚ RPSL, RBI ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਜੀਓ ਮਨੀ ਅਕਾਉਂਟ ਅਤੇ ਬਕਾਏ ਦੀ ਜਬਤੀ ਤੋਂ ਪਹਿਲਾਂ ਗਾਹਕ ਨੂੰ 30 ਦਿਨਾਂ ਦਾ ਨੋਟਿਸ ਦੇਵੇਗਾ।

ਗਾਹਕ ਦੀ ਮੌਤ ਹੋ ਜਾਣ ਦੇ ਹਾਲਾਤ ਵਿੱਚ, ਉਸ ਦਾ ਕਾਨੂੰਨੀ ਵਾਰਸ RPSL ਦੀਆਂ ਨੀਤੀਆਂ ਨਾਲ ਬੱਛਿਆ ਹੋਵੇਗਾ। ਕਾਨੂੰਨੀ ਵਾਰਸ RPSL ਦੀ ਨੀਤੀ ਮੁਤਾਬਿਕ ਕਾਨੂੰਨੀ ਵਾਰਸ ਦੇ ਦਾਅਵੇ ਦਾ ਨਿਪਟਾਰਾ ਕਰਨ ਲਈ RPSL ਦੀ ਬੇਨਤੀ 'ਤੇ RPSL ਕੋਲ ਜ਼ਰੂਰੀ ਦਸਤਾਵੇਜ਼ ਅਤੇ ਜਾਣਕਾਰੀ ਜਮ੍ਹਾਂ ਕਰਵਾਉਣਗੇ।

13. ਸੇਵਾ ਦੀ ਗੁਣਵੱਤਾ

ਗਾਹਕ ਸਹਿਮਤ ਹੈ ਕਿ RPSL ਵਪਾਰਕ ਸੰਸਥਾ ਦੁਆਰਾ ਸੇਵਾ ਦੀ ਗੈਰ-ਕਾਰਗੁਜਾਰੀ ਜਾਂ ਉਤਪਾਦ ਨੂੰ ਗੈਰ-ਡਿਲੀਵਰੀ ਲਈ ਜਿਮੇਵਾਰ ਨਹੀਂ ਹੋਵੇਗੀ। ਗਾਹਕ ਉਤਪਾਦ ਜਾਂ ਸੇਵਾ ਤੋਂ ਸੰਬੰਧਿਤ ਕੋਈ ਵੀ ਵਿਵਾਦ ਸਿੱਧਾ ਵਪਾਰਿਕ ਸੰਸਥਾ ਨਾਲ ਚੁਕੇਗਾ। RPSL ਆਪਣੀ ਨੀਤੀ ਦੇ ਮੁਤਾਬਿਕ ਸਾਰੀਆਂ ਸ਼ਾਮਿਲ ਹੋਈਆਂ ਪਾਰਟੀਆਂ ਨਾਲ ਗੈਰ-ਕਾਰਗੁਜਾਰੀ ਦੇ ਕਾਰਣਾਂ ਦੀ ਜਾਂਚ ਕਰੇਗਾ। ਗਾਹਕ RPSL ਦੁਆਰਾ ਕੀਤੀ ਅਜਿਹੀ ਜਾਂਚ ਦੇ ਨਤੀਜਿਆਂ ਨਾਲ ਬੱਝਿਆ ਹੋਵੇਗਾ। ਸ਼ਿਕਾਇਤਾਂ ਦੇ ਨਿਪਟਾਰੇ ਦੇ ਨਾਲ ਐਸਕਾਲੇਸ਼ਨ ਮੈਟਰਿਕਸ ਬੇਨਤੀ 'ਤੇ ਮੁੱਈਆ ਕਰਵਾਇਆ ਜਾਵੇਗਾ। ਕੋਈ ਵੀ ਸ਼ਿਕਾਇਤ ਹੋਣ 'ਤੇ, ਤੁਸੀਂ ਨੋਡਲ ਅਫਸਰ ਨੂੰ NodalOffice.JioMoney@ril.com. 'ਤੇ ਸੰਪਰਕ ਕਰ ਸਕਦੇ ਹੋ। ਨਾਲ ਹੀ RPSL ਨੂੰ ਗਾਹਕ ਅਤੇ ਵਪਾਰਿਕ ਸੰਸਥਾ ਦੇ ਵਿਚਕਾਰ ਹੋਏ ਲੈਣ-ਦੇਣ ਲਈ ਗਾਹਕ ਅਤੇ ਵਪਾਰਿਕ ਸੰਸਥਾ ਦੇ ਵਿਚਕਾਰ ਉੱਠੇ ਕਿਸੀ ਵਿਵਾਦ ਲਈ ਪੱਖ ਨਹੀਂ ਬਣਾਇਆ ਜਾ ਸਕਦਾ ਹੈ।

14. ਦੇਣਦਾਰੀ ਦੀ ਸੀਮਾ

ਕਿਸੀ ਵੀ ਘਟਨਾ ਵਿੱਚ ਗਾਹਕ ਦੁਆਰਾ ਵਰਤੀਆਂ ਗਈਆਂ ਸੇਵਾਵਾਂ ਤੋਂ ਸੰਬੰਧਿਤ ਕੋਈ ਵੀ ਜਾਂ ਸਾਰੇ ਦਾਅਵਿਆਂ 'ਤੇ ਕੁੱਲ ਦੇਣਦਾਰੀ, ਕਾਰਵਾਈ ਦੇ ਰੂਪ ਦੀ ਪ੍ਰਵਾਹ ਕੀਤੇ ਬਿਨਾਂ, ਵਿਵਾਦ ਵਾਲੇ ਲੈਣ-ਦੇਣ ਦੇ ਮੁੱਲ ਤੋਂ ਜਿਆਦਾ ਨਹੀ. ਹੋ ਸਕਦੀ। ਕਿਸੀ ਵੀ ਘਟਨਾ ਵਿੱਚ RPSL ਗਾਹਕ (ਜਾਂ ਕੋਈ ਤੀਜਾ ਪੱਖ ਜੋ ਗਾਹਕ ਹੇਠ ਜਾਂ ਉਸ ਦੇ ਰਾਹੀਂ ਦਾਅਵਾ ਕਰ ਰਿਹਾ ਹੈ) ਪ੍ਰਤੀ ਕਿਸੇ ਅਸਿੱਧੇ, ਖਾਸ, ਇਤਫਾਕਿਆ, ਨਤੀਜਤਨ ਜਾਂ ਮਿਸਾਲੀ ਨੁਕਸਾਨ, ਜੋ ਗਾਹਕ ਦੁਆਰਾ ਸੇਵਾ ਦੀ ਵਰਤੋਂ ਜਾਂ ਵਰਤ ਸਕਣ ਵਿੱਚ ਅਯੋਗਤਾ ਕਾਰਣ ਹੋਵੇਗਾ, ਉਸ ਪ੍ਰਤੀ ਜਿਮੇਵਾਰ ਨਹੀਂ ਹੋਵੇਗੀ। ਇਹ ਛੁਟਕਾਵ ਕਿਸੀ ਗੁਆਚੇ ਲਾਭਾਂ, ਗੁਆਚੇ ਡੇਟਾ, ਸਦਭਾਵਨਾ ਖੋ ਜਾਣ, ਕੰਮ ਰੁਕ ਜਾਣ, ਕੰਪਿਊਟਰ ਖਰਾਬ ਹੋਣ ਜਾਂ ਵਿਗਾੜ, ਕੋਈ ਹੋਰ ਵਪਾਰਿਕ ਖਰਾਬੀ ਜਾਂ ਨੁਕਸਾਨ, ਭਾਵੇਂ RPSL ਨੂੰ ਪਤਾ ਸੀ ਜਾਂ ਇਸ ਤਰ੍ਹਾਂ ਦੇ ਨੁਕਸਾਨ ਦੀ ਸੰਭਾਵਨਾ ਦਾ ਪਤਾ ਹੋਣਾ ਚਾਹੀਦਾ ਸੀ, ਵਿੱਚ ਲਾਗੂ ਹੋਣਗੇ।

15. ਅਸਵੀਕਾਰਤਾ

RPSL ਸੇਵਾਵਾਂ ਦੇ ਸੰਚਾਲਨ, ਵੈੱਬਸਾਈਟ ਅਤੇ/ਜਾਂ ਮੋਬਾਇਲ ਐਪ ਨੂੰ ਕਿਸੀ ਵੀ ਕਾਰਣ ਅਤੇ ਬਿਨ੍ਹਾਂ ਕੋਈ ਪੂਰਵ-ਸੂਚਨਾ ਦਿੱਤੇ ਬੰਦ ਕਰ ਸਕਦੀ ਹੈ। RPSL ਵੈੱਬਸਾਈਟ ਅਤੇ/ਜਾਂ ਮੋਬਾਇਲ ਐਪ 'ਤੇ ਸਮੱਗਰੀ ਵਿੱਚ ਬਦਲਾਵ ਕਰ ਸਕਦੀ ਹੈ ਜਾਂ ਵੈੱਬਸਾਈਟ ਅਤੇ/ਜਾਂ ਮੋਬਾਇਲ ਐਪ 'ਤੇ ਪੇਸ਼ ਕੀਤੇ ਜਾ ਰਹੇ ਉਤਪਾਦਾਂ ਜਾਂ ਸੇਵਾਵਾਂ ਨੂੰ ਮੁਅਤੱਲ ਜਾਂ ਬਦਲ ਸਕਦੀ ਹੈ। ਗਾਹਕ ਸਹਿਮਤ ਹੈ ਕਿ ਕਿਸੀ ਵੀ ਦੱਸੇ ਗਏ ਮਾਮਲੇ ਵਿੱਚ, ਗਾਹਕ ਵੈੱਬਸਾਈਟ ਅਤੇ/ਜਾਂ ਮੋਬਾਇਲ ਐਪ ਦੀ ਵਰਤੋਂ ਆਪਣੇ ਜੋਖਿਮ 'ਤੇ ਕਰੇਗਾ ਅਤੇ RPSL ਕਿਸੀ ਘਾਟੇ ਜਾਂ ਨੁਕਸਾਨ ਲਈ ਜਿਮੇਵਾਰ ਨਹੀਂ ਹੋਵੇਗਾ।

16. ਨਿਜਤਾ ਨੀਤੀ

ਸਾਰੀ ਜਾਣਕਾਰੀ ਜਿਹੜੀ RPSL ਇਕਤਰ ਕਰਦਾ ਹੈ, ਜਿਵੇਂ ਕਿ ਰਜਿਸਟ੍ਰੇਸ਼ਨ ਵੇਰਵੇ, ਲਾਭਪਾਤਰੀ ਦੇ ਖਾਤੇ ਦੇ ਵੇਰਵੇ ਅਤੇ ਡੈਬਿਟ/ਕ੍ਰੈਡਿਟ ਕਾਰਡ ਜਾਣਕਾਰੀ ਆਦਿ, ਇਸਦੀ ਨਿਜਤਾ ਨੀਤੀ ਦੇ ਅਧੀਨ ਹੈ। ਗਾਹਕ ਸਹਿਮਤ ਹੈ ਕਿ ਉਹ ਵੈਬਸਾਈਟ 'ਤੇ ਪ੍ਰਕਾਸ਼ਿਤ RPSL ਦੀ ਨਿਜਤਾ ਨੀਤੀ ਨੂੰ ਪੜ੍ਹੇਗਾ ਅਤੇ ਆਪਣੇ ਆਪ ਨੂੰ ਇਸ ਬਾਰੇ ਹਰ ਸਮੇਂ ਨਵਪੂਰਤ ਰੱਖੇਗਾ।

17. ਸੌਂਪਣਾ

RPSL ਦਾ ਇਹ ਅਧਿਕਾਰ ਹੋਵੇਗਾ ਕਿ ਇਨ੍ਹਾਂ ਮੌਜੂਦਾਂ ਨੂੰ ਕਿਸੇ ਤੀਸਰੇ ਪੱਖ ਨੂੰ ਇਸਦੀ ਹੋਲਡਿੰਗ ਕੰਪਨੀ, ਸਹਾਇਕ, ਸਹਿਯੋਗੀ ਅਤੇ ਸਮੂਹ ਕੰਪਨੀ ਨੂੰ ਸੌਂਪ/ਬਦਲੀ ਕਰ ਦੇਵੇ। ਇਸ ਤੋਂ ਅੱਗੇ, ਗਾਹਕ ਸਹਿਮਤ ਹੈ ਕਿ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਨੂੰ RPSL ਆਪਣੀਆਂ ਸਹਿਬੱਧ, ਹੋਲਡਿੰਗ ਕੰਪਨੀ, ਸਹਾਇਕ ਅਤੇ ਸਹਿਯੋਗੀ ਕੰਪਨੀ ਜਾਂ ਰਿਲਾਇੰਸ ਇੰਡਸਟ੍ਰੀਸ ਲਿਮੀਟੇਡ ਨਾਲ ਸਾਂਝਾ ਕਰ ਸਕਦਾ ਹੈ ਜਿਸ ਨੂੰ RBI ਦੁਆਰਾ ਪੇਮੈਂਟ ਬੈਂਕ ਲਾਇਸੰਸ ਅਤੇ ਜਾਂ ਸੈਮੀ-ਕਲੋਜ਼ਡ ਪ੍ਰੀਪੇਡ ਇੰਸਟ੍ਰੂਮੈਂਟ ਦਾ ਲਾਇਸੰਸ ਜਾਰੀ/ਬਦਲੀ ਕੀਤਾ ਜਾਵੇਗਾ ਅਤੇ ਗਾਹਕ ਇਸ ਲਈ ਆਪਣੀ ਅਟਲ ਸਹਿਮਤੀ ਦਿੰਦਾ ਹੈ। ਇਸ ਤੋਂ ਅੱਗੇ, ਲਾਗੂ ਕਾਨੂੰਨਾਂ ਦੇ ਅਧੀਨ ਅਤੇ ਜਿਥੇ ਵੀ RBI ਦੀ ਪੂਰਵ-ਅਗਿਆ ਨਾਲ ਲਾਗੂ ਹੋ ਰਿਹਾ ਹੋਵੇ, ਜੀਓ ਮਨੀ ਵੈਲੇਟ ਅਤੇ/ਜਾਂ ਜੀਓ ਮਨੀ ਅਕਾਉਂਟ ਜਾਂ ਉਸ ਦਾ ਕੋਈ ਹਿੱਸਾ RPSL ਦੁਆਰਾ ਕਿਸੀ ਵਿਅਕਤੀ ਸਮੇਤ RPSL, ਦੀਆਂ ਸਹਾਇਕ ਜਾਂ ਗਰੁਪ ਕੰਪਨੀਆਂ ਨੂੰ ਸੌਂਪਿਆ ਜਾਂ ਬਦਲੀ ਕੀਤਾ ਜਾ ਸਕਦਾ ਹੈ, ਅਤੇ ਗਾਹਕ ਇੱਥੇ ਇਸ ਲਈ ਅਟਲ ਅਤੇ ਸਪੱਸ਼ਟ ਸਹਿਮਤੀ ਦਿੰਦਾ ਹੈ।

18. ਅਦਾਲਤੀ ਸਹਾਰਾ

ਇਨ੍ਹਾਂ ਨਿਯਮ ਅਤੇ ਸ਼ਰਤਾਂ ਨੂੰ ਭਾਰਤ ਦੇ ਗਣਰਾਜ ਦੇ ਕਾਨੂੰਨ ਦੇ ਅਨੁਸਾਰ, ਅਸੂਲ ਜਾਂ ਕਾਨੂੰਨ ਦੇ ਅਪਵਾਦ ਨੂੰ ਪ੍ਰਭਾਵ ਦਿੱਤੇ, ਸ਼ਾਸਿਤ ਅਤੇ ਅਨੁਵਾਦ ਕੀਤਾ ਗਿਆ ਹੈ। ਜੀਓ ਮਨੀ ਸਰਵਿਸਿਜ ਦੀ ਵਰਤੋਂ ਤੋਂ ਉੱਠਣ ਵਾਲੇ ਕਿਸੀ ਵੀ ਵਿਵਾਦ 'ਤੇ ਮੁੰਬਈ ਦੀ ਅਦਾਲਤਾਂ ਦਾ ਅਧਿਕਾਰ ਖੇਤਰ ਹੈ। ਗਾਹਕ ਇਨ੍ਹਾਂ ਕੋਰਟਾਂ ਦੇ ਨਿੱਜੀ ਅਧਿਕਾਰ ਖੇਤਰ ਲਈ ਸਪੱਸ਼ਟ ਸਹਿਮਤੀ ਦਿੰਦਾ ਹੈ ਅਤੇ ਅਜਿਹੇ ਨਿੱਜੀ ਫੋਰਮ ਗੈਰ ਰਿਹਾਇਸ਼ ਨੂੰ ਜਾਂ ਹੋਰ ਕਿਸੇ ਵੀ ਆਧਾਰ 'ਤੇ ਆਧਾਰਿਤ ਅਧਿਕਾਰ ਖੇਤਰ ਬਾਰੇ ਕਿਸੀ ਵੀ ਇਤਰਾਜ਼ ਨੂੰ ਖਾਰਿਜ ਕਰਦਾ ਹੈ।

19. ਮਿਆਦ ਅਤੇ ਬਰਖਾਸਦਗੀ

ਗਾਹਕ ਸਹਿਮਤ ਹੈ ਕਿ ਨਿਰਧਾਰਿਤ ਨਿਯਮਾਂ ਅਤੇ ਸ਼ਰਤਾਂ ਤਦੋਂ ਤੱਕ ਪ੍ਰਭਾਵੀ ਹਨ ਜਦੋਂ ਤੱਕ RPSL ਇਨ੍ਹਾਂ ਬਰਖਾਸਤ ਨਹੀਂ ਕਰਦਾ ਅਤੇ RPSL ਇਨ੍ਹਾਂ ਨਿਯਮ ਅਤੇ ਸ਼ਰਤਾਂ ਨੂੰ ਬਰਖਾਸਤ ਕਰਨ ਦਾ ਅਧਿਕਾਰ ਰਖਦੀ ਹੈ। RPSLਇਸ ਦੁਆਰਾ ਚਲਾਈਆਂ ਜਾ ਰਹੀਆਂ ਸੇਵਾਵਾਂ ਨੂੰ ਚਲਾ, ਬਦਲ, ਮੁਅਤੱਲ ਜਾਂ ਸੇਵਾਵਾਂ ਦੇ ਕਿਸੀ ਹਿੱਸੇ ਨੂੰ ਖਤਮ ਕਰ ਸਕਦੀ ਹੈ। RPSL ਗਾਹਕ ਦੀ ਸਦੱਸਤਾ ਨੂੰ ਬਰਖਾਸਤ ਕਰਨ ਜਾਂ ਗਾਹਕ ਦੇ ਖਾਤੇ ਵਿੱਚੋਂ ਸਾਰੀ ਸਮੱਗਰੀ ਨੂੰ ਹਟਾਉਣ, ਇਨ੍ਹਾਂ ਸ਼ਾਮਿਲ ਕਾਰਣਾਂ ਕਾਰਣ, ਪਰ ਇੱਥੋਂ ਤੱਕ ਹੀ ਸੀਮਿਤ ਨਹੀਂ, ਦਾ ਅਧਿਕਾਰ ਸੁਰੱਖਿਅਤ ਰਖਦੀ ਹੈ: ਕਿਸੀ ਸ਼ਾਸਿਤ ਨੀਤੀ ਜਾਂ ਲਾਗੂ ਕਾਨੂੰਨ ਦੀ ਉਲੰਘਣਾ।